# ਅੰਮ੍ਰਿਤ ਕੀਰਤਨ

# Amrit Kirtan

ਮਈ 2006



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 5 ◆ ਸਾਲ ਅਠਾਰਵਾਂ ◆ ਮਈ 2006



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007



**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 09814053630

e-mail : drjagirsingh@gmail.com
Website : www.amritkirtan.org



| | |
|---|---|
| ਕਰਉ ਬੇਨੰਤੀਆ | 2 |
| *ਸੰਪਾਦਕੀ* | |
| ਸ਼ਬਦ ਅਤੇ ਸੰਗੀਤ : ਗੁਰਮਤਿ ਪਰਿਪੇਖ | 3 |
| *ਡਾ. ਗੁਲਜ਼ਾਰ ਕੰਗ* | |
| ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਿਰਧਾਰਤ ਰਾਗਾਂ ਅਨੁਸਾਰ ਹੀ ਕੀਰਤਨ ਹੋਵੇ: ਜਥੇ : ਅਵਤਾਰ ਸਿੰਘ | 6 |
| ਰਾਗ ਵਿਵਰਨ- ਰਾਗੁ ਸੋਰਠਿ | 9 |
| *ਪ੍ਰੋ: ਕਰਤਾਰ ਸਿੰਘ* | |
| ਪ੍ਰਸਿੱਧ ਰਾਗੀ ਭਾਈ ਚਰਨਜੀਤ ਸਿੰਘ ਮਲੇਸ਼ੀਆ ਵਾਲੇ ਅਤੇ ਭਾਈ ਚਰਨਜੀਤ ਸਿੰਘ ਮਲੋਟ ਵਾਲੇ | 11 |
| *ਮੰਗਤ ਸਿੰਘ ਮਸਤਾਨਾ* | |
| ਪ੍ਰਸਿਧ ਰਾਗੀ ਤੇ ਢਾਡੀ ਬਲਬੀਰ ਸਿੰਘ ਲਹਿਰੀ | 12 |
| *ਐਮ ਐਸ ਸਚਦੇਵਾ* | |
| ਰਬਾਬ ਦੀਆਂ ਧੁਨਾਂ ਲੋਪ ਹੋ ਰਹੀਆਂ ਹਨ : ਭਾਈ ਲਾਲ | 13 |
| *ਡਾ. ਗੁਰਮੀਤ ਸਿੰਘ ਬੈਦਵਾਣ* | |
| 17 ਭਾਰਤੀ ਭਾਸ਼ਾਵਾਂ ਦਾ ਸੰਗੀਤ ਅਧਿਆਪਕ ਅੰਮ੍ਰਿਤਪਾਲ ਸਿੰਘ | 14 |
| ਅਨੂਠੀ ਅਧਿਆਤਮ ਕਥਾ - ਬੈਠਿ ਖਡੂਰੇ ਜੋਤਿ ਜਗਾਈ | 15 |
| *ਡਾ. ਗੁਰਮੀਤ ਸਿੰਘ ਬੈਦਵਾਨ* | |
| ਸੈਮੀਨਾਰ ਗੁਰਮਤਿ ਸੰਗੀਤ | 19 |
| Life is a Single Opportunity | 20 |
| *Tirlok Singh Suri* | |
| ਸੁਰ ਲਿਪੀ | 22 |
| *ਪ੍ਰੋ. ਹਰਮਿੰਦਰ ਕੌਰ* | |
| ਸੁਰ ਲਿਪੀ ਵਾਲੇ ਸ਼ਬਦ ਦੇ ਅਰਥ | 23 |
| *ਮਨਮੋਹਨ ਸਿੰਘ* | |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

**ਕਰਉ ਬੇਨੰਤੀਆ**

## ਨਮੋ ਗੀਤ ਗੀਤੇ

ਸਤਿਗੁਰਾਂ ਦੀ ਬਖਸ਼ਸ਼ ਸਦਕਾ ਸਿਖ ਜਗਤ ਵਿਚ ਗੁਰਮਤਿ ਸੰਗੀਤ, ਸਬੰਧੀ ਹੁਣ ਨਿਵੇਕਲੀਆਂ ਪੁਸਤਕਾਂ ਸਾਹਮਣੇ ਆ ਰਹੀਆਂ ਹਨ। ਇਨ੍ਹਾਂ ਪੁਸਤਕਾਂ ਤੋਂ ਪਤਾ ਲੱਗਦਾ ਹੈ ਕਿ ਗੁਰਮਤਿ ਸੰਗੀਤ ਪ੍ਰਤੀ ਸਿੱਖ ਚਿੰਤਕ ਹੁਣ ਗੰਭੀਰ ਹਨ।

ਪਿਛੇ ਜਿਹੇ ਇਕ ਬੜੀ ਪਿਆਰੀ ਦੰਪਤੀ ਸਾਡੇ ਘਰ ਆਈ। ਦੋਵੇਂ ਜੀਅ ਗੁਰਮਤਿ ਦੇ ਰੰਗ ਵਿਚ ਰੰਗੇ ਹੋਏ। ਵੀਰ ਗੁਰਬੀਰ ਸਿੰਘ ਜੀ ਰਿਜ਼ਰਵ ਬੈਂਕ ਤੋਂ ਸਵੈ ਇੱਛਤ ਰਿਟਾਇਰਮੈਂਟ ਲੈ ਕੇ ਪੂਰੀ ਤਰ੍ਹਾਂ ਸਿੱਖ ਮਿਸ਼ਨਰੀ ਕਾਲਜ ਨੂੰ ਸਮਰਪਤ ਹਨ ਅਤੇ ਭੈਣ ਜੀ ਹਰਦੀਪ ਕੌਰ ਗੁਰਮਤਿ ਸੰਗੀਤ ਅਤੇ ਕੀਰਤਨ ਕਲਾਸਾਂ ਵਿਚ ਸੇਵਾ ਕਰ ਰਹੇ ਹਨ। ਇਤਨੇ ਰੁਝੇਵਿਆਂ ਦੇ ਬਾਵਜੂਦ ਇਨ੍ਹਾਂ ਪਤਾ ਨਹੀਂ ਕਿਵੇਂ ਸਮਾਂ ਕੱਢਿਆ ਤੇ ਇਕ ਬੜੀ ਪਿਆਰੀ ਪੁਸਤਕ 'ਨਮੋ ਗੀਤ ਗੀਤੇ' ਲਿਖੀ ਅਤੇ ਬੜੀ ਪ੍ਰਭਾਵਸ਼ਾਲੀ ਦਿੱਖ ਵਿਚ ਪ੍ਰਕਾਸ਼ਿਤ ਕੀਤੀ।

ਪੁਸਤਕ ਵਿਚ ਸੁਰ ਲਿਪੀ ਚਿਨ੍ਹਾਂ ਦੀ ਜਾਣ ਪਹਿਚਾਣ, ਰਾਗਾਂ ਦੀ ਬਣਤਰ ਦੇ ਤੱਤ ਅਤੇ ਨਿਯਮ, ਕੁਝ ਤਾਲਾਂ ਦਾ ਸੰਖੇਪ ਪਰੀਚੇ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਆਏ 31 ਰਾਗਾਂ ਵਿਚ ਵੱਖ ਵੱਖ ਸ਼ਬਦਾਂ ਦੀਆਂ ਸੁਰ ਲਿਪੀਆਂ ਦਿੱਤੀਆਂ ਹਨ।

ਹਰ ਰਾਗ ਵਿਚ ਰਾਗ ਦੀ ਜਾਣ ਪਹਿਚਾਣ ਦੇ ਨਾਲ ਨਾਲ ਹਰ ਰਾਗ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਬਾਣੀਕਾਰਾਂ ਦੇ ਨਾਮ ਦਿੱਤੇ ਹਨ।

ਪੁਸਤਕ ਪੰਜਾਬੀ ਦੇ ਨਾਲ ਨਾਲ ਅੰਗਰੇਜ਼ੀ ਵਿਚ ਵੀ ਪੂਰੀ ਦੀ ਪੂਰੀ ਅਨੁਵਾਦ ਕੀਤੀ ਗਈ ਹੈ। ਇਸ ਨਾਲ ਇਹ ਪੁਤਸਕ ਦੇਸ਼ ਵਾਸੀਆਂ ਦੇ ਨਾਲ ਨਾਲ ਵਿਦੇਸ਼ ਵਿਚ ਵਸਦੇ ਕੀਰਤਨ ਪ੍ਰੇਮੀਆਂ ਲਈ ਵੀ ਮੁੱਲਵਾਨ ਬਣ ਗਈ ਹੈ।

ਇਸ ਪੁਸਤਕ ਦੀ ਇਕ ਹੋਰ ਵਿਸ਼ੇਸ਼ਤਾ ਵੱਖ ਵੱਖ ਰਾਗਾਂ ਵਿਚ ਦਿੱਤੇ ਗਏ ਚਿੱਤਰ ਹਨ। ਚਿਤਰਕਾਰ ਬੀਬੀ ਮਹਿਤਾਬ ਕੌਰ ਜੀ ਹਨ। ਮਹਿਤਾਬ ਕੌਰ ਜੀ ਦੇ ਕੁਝ ਚਿੱਤਰ ਕਈ ਸਾਲ ਪਹਿਲਾਂ 'ਅੰਮ੍ਰਿਤ ਕੀਰਤਨ' ਦੇ ਟਾਈਟਲ 'ਤੇ ਦਿੱਤੇ ਗਏ ਸਨ। ਇਸ ਪੁਸਤਕ ਵਿਚ ਚਿੱਤਰ ਦੇਖ ਕੇ ਪ੍ਰਸੰਨਤਾ ਹੋਈ ਹੈ। ਚਿੱਤਰ ਪੂਰੀ ਤਰ੍ਹਾਂ ਗੁਰਮਤਿ ਸਭਿਆਚਾਰ ਨੂੰ ਸਮਰਪਤ ਹਨ। ਗੁਰਬਾਣੀ ਦੀਆਂ ਤੁਕਾਂ ਦੇ ਭਾਵ ਨੂੰ ਸੰਚਾਰਨ ਲਈ ਮਹਿਤਾਬ ਕੌਰ ਜੀ ਨੇ ਚਿੱਤਰਕਲਾ ਨੂੰ ਮਾਧਿਅਮ ਬਣਾਇਆ ਹੈ। ਇਸ ਤਰ੍ਹਾਂ ਇਕ ਵੱਖਰੀ ਤਰ੍ਹਾਂ ਦੀ ਰਾਗ ਮਾਲਾ ਹੋਂਦ ਵਿਚ ਆ ਰਹੀ ਮਹਿਸੂਸ ਹੁੰਦੀ ਹੈ। ਸੰਗੀਤਕਲਾ ਵੀ ਗੁਰਬਾਣੀ ਦਾ ਪ੍ਰਭਾਵ ਗ੍ਰਹਿਣ ਕਰਨ ਵਿਚ ਸਹਾਈ ਹੁੰਦੀ ਹੈ ਤੇ ਚਿੱਤਰਕਲਾ ਵੀ। ਮਹਿਤਾਬ ਕੌਰ ਜੀ ਦੀ ਯਤਨ ਸ਼ਲਾਘਾਯੋਗ ਹਨ। ਉਨ੍ਹਾਂ ਰਾਗਾਂ ਦੇ ਚਿੱਤਰ ਜਿਨ੍ਹਾਂ ਬਾਰੇ ਗੁਰੂ ਸਾਹਿਬ ਨੇ ਵਿਸ਼ੇਸ਼ ਫੁਰਮਾਨ ਕੀਤੇ ਹਨ ਖਾਸ ਤੌਰ ਤੇ ਧਿਆਨ ਮੰਗਦੇ ਹਨ: ਗਉੜੀ, ਗੂਜਰੀ, ਵਡਹੰਸ, ਸੋਰਠਿ, ਸੂਹੀ, ਬਿਲਾਵਲ, ਰਾਮਕਲੀ, ਮਲਾਰ ਆਦਿ।

ਸੁਘੜ ਚਿੱਤਰਕਾਰ ਜੀ ਨੇ ਬਾਕੀ ਰਾਗਾਂ ਦੇ ਪ੍ਰਤੀਨਿਧ ਸ਼ਬਦ ਲੈ ਕੇ ਰਾਗ ਅਤੇ ਬਾਣੀ ਦੇ ਭਾਵ ਨੂੰ ਸੰਚਾਰਨ ਦਾ ਯਤਨ ਕੀਤਾ ਹੈ।

ਪੁਸਤਕ ਦੀਆਂ ਨੋਟੇਸ਼ਨਾਂ ਨੂੰ ਜਦੋਂ ਕੋਈ ਸੁਰੀਲਾ ਕੀਰਤਨੀਆ ਗਾਵੇਗਾ ਤਾਂ ਬਾਣੀ ਦਾ ਅਨੰਦ ਮਾਣੇਗਾ ਪਰ ਉਸ ਤੋਂ ਪਹਿਲਾਂ ਹੀ ਮਹਿਤਾਬ ਕੌਰ ਜੀ ਦੇ ਚਿੱਤਰਾਂ ਰਾਹੀਂ ਕੀਤਾ ਗਾਇਨ ਪਾਠਕ ਨੂੰ ਅਨੰਦ ਦਿੰਦਾ ਹੈ।

ਹਰਜੀਤ ਕੌਰ ਜੀ ਅਤੇ ਮਹਿਤਾਬ ਕੌਰ ਜੀ ਵਧਾਈ ਦੇ ਪਾਤਰ ਹਨ।

ਸਿੱਖ ਮਿਸ਼ਨਰੀ ਕਾਲਜ ਲੁਧਿਆਣਾ (ਰਜਿ) ਨੇ ਇਹ ਪੁਸਤਕ ਪ੍ਰਕਾਸ਼ਤ ਕਰਕੇ ਗੁਰਮਤਿ ਸੰਗੀਤ ਦੀ ਸ਼ਲਾਘਾਯੋਗ ਸੇਵਾ ਕੀਤੀ ਹੈ।

# ਸ਼ਬਦ ਅਤੇ ਸੰਗੀਤ : ਗੁਰਮਤਿ ਪਰਿਪੇਖ

ਡਾ. ਗੁਲਜ਼ਾਰ ਸਿੰਘ ਕੰਗ

ਸੰਪੂਰਨ ਬ੍ਰਹਿਮੰਡ ਨਾਦ ਮਈ ਹੈ। ਨਾਦ ਦੀ ਇਹ ਸਰਬ ਵਿਆਪਕਤਾ ਅਤੇ ਸਰਬ ਨਿਰੰਤਰਤਾ ਸ਼ਬਦ ਹੈ। ਸ਼ਬਦ ਆਪਣੇ ਕਰਤਾਰੀ ਸਰੂਪ ਵਿਚ ਸਰਬ ਬ੍ਰਹਮ ਹੈ ਅਤੇ ਨਿਸਤਾਰੀ ਸਰੂਪ ਵਿਚ 'ਨਾਦ ਧੁਨਿ'। ਅਨੁਭਵੀ ਪੁਰਸ਼ਾਂ ਅਤੇ ਸੰਤ ਮਹਾਤਮਾਵਾਂ ਨੇ ਇਸੇ ਕਰਕੇ ਸ਼ਬਦ ਨੂੰ ਨਾਦ, ਅਕਾਸ਼ਬਾਣੀ, (Cepestical Sound) ਦਿੱਤ-ਧੁਨੀ, ਉਦਗੀਥ (ਉਪਰ ਦਾ ਰਾਗ), ਅਖੰਡ ਕੀਰਤਨ, ਨਿਰਬਾਣ ਕੀਰਤਨ ਆਦਿ ਨਾਵਾਂ ਨਾਲ ਯਾਦ ਕੀਤਾ ਹੈ। ਗੁਰਮਤਿ ਵਿਚ ਸੰਗੀਤ (ਕੀਰਤਨ) ਮਨੋਰੰਜਨ ਦਾ ਸਾਧਨ ਨਹੀਂ ਸਗੋਂ ਸਾਧਨਾ ਦੀ ਇਕ ਪੱਧਤੀ ਹੈ ਜੋ ਗੁਰਸਿੱਖ ਨੂੰ ਪਰਮਸਤਿ ਨਾਲ ਜੋੜਦੀ ਹੈ। ਬਾਹਰਮੁੱਖੀ ਜਾਂ ਵਿਵਹਾਰੀ ਪੱਧਰ ਤੇ ਭਾਵੇਂ ਇਸ ਨੂੰ ਕੀਰਤਨ ਕਿਹਾ ਗਿਆ ਹੈ ਪਰ ਰਹੱਸਾਤਮਕ ਪੱਧਰ ਤੇ ਇਹ 'ਨਾਮੁ-ਧੁਨਿ' ਹੈ। ਸ਼ਬਦ ਅਤੇ ਸੰਗੀਤ ਦਾ ਗੁਰਮਤਿ ਪਰਿਪੇਖ ਰਹੱਸਮਈ ਹੈ ਅਤੇ ਇਸਨੂੰ ਸਮਝਣ ਲਈ ਸ਼ਬਦ ਦੇ ਅਧਿਆਤਮਕ ਪ੍ਰਸੰਗ ਨੂੰ ਬੁਝਣ ਦੀ ਲੋੜ ਹੈ।

ਸ਼ਬਦ ਇਕ ਉਚੇਰਾ ਧਰਮ ਵਿਗਿਆਨਕ ਸੰਕਲਪ ਹੈ ਅਤੇ ਇਸ ਨੂੰ ਪਰਿਭਾਸ਼ਤ ਕਰਨਾ ਔਖਾ ਹੀ ਨਹੀਂ, ਸਗੋਂ ਅਸੰਭਵ ਵੀ ਹੈ। ਗੁਰਮਤਿ ਵਿਚ ਸ਼ਬਦ ਨਿਰਦਵੰਦ ਅਧਿਆਤਮਕਤਾ ਜਾਂ ਅਧਿਆਤਮਕ ਏਕਤਵ (Spiritual mondualism) ਹੈ। ਇਸ ਨਿਰਦਵੰਦ ਅਧਿਆਤਮਕਤਾ ਨੂੰ ਸਮਝਣ ਲਈ ਦੋ ਪਰਤਾਂ ਹੋ ਸਕਦੀਆਂ ਹਨ। ਇਕ ਮਾਨਵੀ ਸੂਝ (ਬੌਧਿਕਤਾ) ਜਾਂ ਇੰਦਰਿਆਵੀ ਗਿਆਨ ਅਤੇ ਦੂਜੀ ਅਨੁਭਵ। ਬੌਧਿਕਤਾ ਤਾਂ 'ਇਤਿ' ਅਤੇ 'ਨੇਤਿ' ਦੇ ਚੱਕਰਾਂ ਵਿਚ ਹੀ ਰਹਿ ਜਾਂਦੀ ਹੈ ਅਤੇ ਇਸ ਪਾਸ ਸੰਪੂਰਨਤਾ ਤੱਕ ਪਹੁੰਚਣ ਦੀ ਸਮਰਥਾ ਨਹੀਂ ਹੁੰਦੀ। ਇਹ ਤਾਂ ਅਨ੍ਹਿਆਂ ਦੇ ਹਾਥੀ ਨੂੰ ਆਪਣੀ ਆਪਣੀ ਸੀਮਾ ਵਿਚ ਸਮਝਣ ਦਾ ਯਤਨ ਹੈ। ਸ਼ਬਦ ਅਨੁਭਵ ਦਾ ਵਿਸ਼ਾ ਹੈ ਅਤੇ ਅਨੁਭਵ ਗੂੰਗਾ ਹੁੰਦਾ ਹੈ। ਗੁਰੂ ਸਾਹਿਬਾਨ ਨੇ ਬਾਣੀ ਦੇ ਸੰਚਾਰ ਰਾਹੀਂ ਇਸ ਅਨੁਭਵ ਨੂੰ ਗੂੰਗੇ ਦੇ ਗੁੜ ਖਾਣ ਵਾਂਗ ਆਪਣੇ ਸਿੱਖਾਂ ਦੇ ਹਿਰਦਿਆਂ ਵਿਚ ਸੰਚਾਰਤ ਕੀਤਾ ਹੈ ਕਿਉਂਕਿ ਸ਼ਬਦ ਦਾ ਅਵਤਰਣ ਜਾਂ ਆਵੇਸ਼ (Revelation) ਗੁਰੂ ਹਿਰਦੇ ਵਿਚ ਬਾਣੀ ਦੇ ਰੂਪ ਵਿਚ ਹੋਇਆ ਸੀ। ਸ਼ਬਦ ਨੂੰ ਪ੍ਰੀਭਾਸ਼ਤ ਕਰਦੇ ਗੁਰਬਾਣੀ ਦੇ ਕੁਝ ਮਹਾਂਵਾਕ ਇਥੇ ਵਿਚਾਰਨਯੋਗ ਹਨ:

*1. ਸਭੁ ਇਕੋ ਸਬਦੁ ਵਰਤਦਾ ਜੋ ਕਹੇ ਸੁ ਹੋਈ॥*
*(ਸੋਰਠਿ ਮ: ੩, ਪੰਨਾ 654)*

*2. ਤਿਹੁ ਲੋਕਾਂ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ॥*
*(ਆਸਾ ਮ:੧, ਪੰਨਾ 351)*

*3. ਉਤਪਤਿ ਪਰਲਉ ਸਬਦੇ ਹੋਵੈ।*
*ਸਬਦੇ ਹੀ ਫਿਰਿ ਉਪਤਿ ਹੋਵੈ॥*
*(ਮਾਝ ਮ:੩, ਪੰਨਾ 117)*

*4. ਸਬਦ ਗੁਰੂ ਸੁਰਤਿ ਧੁਨਿ ਚੇਲਾ।*
*(ਰਾਮਕਲੀ ਮ:੧, ਪੰਨਾ 943)*

*5. ਸਬਦ ਗੁਰ ਪੀਰਾ ਗਹਿਰਾ ਗੰਭੀਰਾ*
*ਬਿਨ ਸਬਦੈ ਜਗੁ ਬਉਰਾਨ॥*
*(ਸੋਰਠਿ ਮ:੧, ਪੰਨਾ 635)*

*6. ਸਤਿਗੁਰ ਸਬਦੁ ਦੇਇ ਰਿਦ*
*ਅੰਤਰਿ ਮੁਖ ਅੰਮ੍ਰਿਤ ਨਾਮ ਚੁਆਵੈਗੋ॥*
*(ਕਾਨੜਾ ਮ:੪, ਪੰਨਾ 1310-11)*

ਇਨ੍ਹਾਂ ਮਹਾਂਵਾਕਾਂ ਦੇ ਅਧਾਰ ਉਤੇ ਕਹਿ ਸਕਦੇ ਹਾਂ ਕਿ ਸ਼ਬਦ ਮਹਾਚੇਤਨਾ ਦੀ ਉਹ ਅਤਿ ਸੂਖਮ ਪਰ ਅਤਿ ਬਲਵਾਨ ਧਾਰਾ ਹੈ ਜੋ ਇਕੋ ਵੇਲੇ ਹੁਕਮ ਵੀ ਹੈ, ਨਾਮ ਵੀ ਹੈ ਅਤੇ ਪ੍ਰਭੂ ਦੀ ਕਰਤਾਰਤਾ ਦਾ ਨਿਸ਼ਾਨ ਵੀ ਹੈ। ਇਹ ਕਰਤੇ ਦਾ ਆਪਣੀ ਸਿਰਜਣਾ ਪ੍ਰਤੀ ਸ੍ਵੈ ਪ੍ਰਗਟਾਓ ਵੀ ਹੈ ਅਤੇ ਸਿਰਜਕ ਤੇ ਸਿਰਜਣਾ ਵਿਚਕਾਰ ਸੁਨਹਿਰੀ ਪੁਲ ਵੀ ਹੈ। ਇਹ ਖਾਮੋਸ਼ੀ ਦੀ ਉਹ ਅਵਾਜ਼ (The Voice of the Silence) ਹੈ ਜੋ ਸਿਰਜਣਾ ਤੋਂ ਪਹਿਲਾਂ ਵੀ ਵਰਤ ਰਹੀ ਸੀ ਅਤੇ ਉਤਪਤੀ ਤੇ ਪਰਲੋ ਦੇ ਵਿਚਾਲੇ ਵੀ ਨਿਰੰਤਰ ਵਰਤ ਰਹੀ ਹੈ। ਦੇਸ਼ ਕਾਲ ਦੀਆਂ ਹੱਦਾਂ ਵਿਚ ਇਹ *'ਤ੍ਰਿਭਵਣ ਜੋਤਿ ਸੁ ਸਬਦਿ ਲਹੈ'* ਦਾ ਵਰਤਾਰਾ ਹੈ। ਨਾਦ ਅਤੇ ਵੇਦ ਦਾ ਰੂਪ ਵਿਚ ਸ਼ਬਦ ਸਰਬ ਵਿਆਪਕ ਹੈ। *'ਗੁਰਮੁਖਿ ਨਾਦੰ ਗੁਰਮੁਖ ਵੇਦੰ ਗੁਰਮੁਖ ਰਹਿਆ ਸਮਾਈ' (ਜਪੁਜੀ)* । ਨਾਦ ਇਸਦਾ ਧੁਨਿਆਤਮਕ

ਰੂਪ ਹੈ, ਜਿਸਨੂੰ ਅਨਹਦ ਨਾਦ ਵੀ ਕਿਹਾ ਗਿਆ ਹੈ ਅਤੇ ਵੇਦ ਇਸਦਾ 'ਗੁਰ ਉਪਦੇਸ' ਜਾਂ 'ਬਾਣੀ' ਰੂਪ (ਗਿਆਨ) ਹੈ।

ਗੁਰਮਤਿ ਦੇ ਪਰਿਪੇਖ ਵਿਚ ਸ਼ਬਦ ਦਾ ਸੰਗੀਤਕ ਸਰੂਪ 'ਅਨਹਦ ਸ਼ਬਦ' ਵਾਲਾ ਹੈ। 'ਅਨਹਦ ਸ਼ਬਦ' ਉਹ ਰਹੱਸਵਾਦੀ ਅਵਸਥਾ ਹੈ ਜਿਸ ਵਿਚ ਗੁਰਮੁਖ ਆਤਮਾ ਪ੍ਰਭੂ ਮਿਲਾਪ ਕਾਰਨ ਨਿਰੰਤਰ ਵਿਸਮਾਦੀ ਅਨੰਦ ਸੰਗੀਤਕ ਮਧੁਰਤਾ ਦਾ ਅਨੁਭਵ ਕਰਦੀ ਹੈ। ਇਹ ਹਰਖ ਸੋਗ ਤੋਂ ਰਹਿਤ, ਸਹਿਜ-ਵਿਸ਼ਰਾਮ, ਭੋਜਨ ਭਾਉ, ਕੀਰਤਨ-ਅਧਾਰ, ਨਿਹਚਲ-ਆਸਨ, ਪੂਰਨ-ਦ੍ਰਿੜਤਾ, ਭਰਮ-ਭੈਅ ਤੋਂ ਮੁਕਤ, ਸੁੰਨ-ਸਮਾਧਿ, ਪ੍ਰਭੂ ਬਖਸ਼ਿਸ਼ ਅਤੇ ਅਕਥ ਸਹਿਜ ਅਨੰਦ ਦੀ ਅਵਸਥਾ ਹੈ। ਗੁਰੂ ਅਰਜਨ ਦੇਵ ਜੀ ਇਸ ਅਵਸਥਾ ਦਾ ਅਨੁਭਵ ਇਉਂ ਕਰਦੇ ਹਨ:

*ਪੰਚ ਸਬਦ ਤਹ ਪੂਰਨ ਨਾਦ।*
*ਅਨਹਦ ਬਾਜੇ ਅਚਰਜ ਬਿਸਮਾਦ॥*
*ਕੇਲ ਕਰਹਿ ਸੰਤ ਹਰਿਲੋਗ।*
*ਪਾਰ ਬ੍ਰਹਮ ਪੂਰਨ ਨਿਰਜੋਗ॥*
*ਸੂਖ ਸਹਜ ਅਨੰਦ ਭਵਨ।*
*ਸਾਧ ਸੰਗਿ ਬੈਸ ਗੁਣ ਗਾਵਹਿ॥*
*ਤਹ ਰੋਗ ਸੋਗ ਨਹੀ ਜਨਮ ਮਰਨ॥ ਰਹਾਉ॥*
*ਊਹਾ ਸਿਮਰਹਿ ਕੇਵਲ ਨਾਮੁ।*
*ਬਿਰਲੇ ਪਾਵਹਿ ਓਹੁ ਬਿਸ੍ਰਾਮੁ॥*
*ਭੋਜਨੁ ਭਾਉ ਕੀਰਤਨ ਅਧਾਰੁ॥*
*ਨਿਹਚਲ ਆਸਨੁ ਬੇਸੁਮਾਰੁ॥*
*ਡਿਗਿ ਨ ਡੋਲੈ ਕਤਹੂ ਧਾਵੈ।*
*ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ॥*

(ਰਾਮਕਲੀ ਮ: ੫, ਪੰਨਾ 888-89)

ਸ਼ਬਦ ਦਾ ਅਨਹਦ ਸਰੂਪ ਕੋਈ ਸਧਾਰਨ ਧੁਨੀ ਨਹੀਂ ਹੈ। ਇਹ ਸਾਰੀ ਦੁਨੀਆ ਦੀ ਜ਼ਿੰਦ ਜਾਨ ਹੈ ਅਤੇ ਰੂਹਾਨੀਅਤ ਦਾ ਅਮੁੱਲ ਚਿੰਨ੍ਹ ਹੈ। ਇਹ ਨਾਦ ਹੀ ਚੇਤਨਾ ਅਤੇ ਗਿਆਨ ਦਾ ਅੰਤਰਿ ਪ੍ਰਕਾਸ਼ ਹੈ। ਭਾਵੇਂ ਇਸਦਾ ਇਲਮ ਹੋਵੇ ਜਾਂ ਨਾਂ ਹੋਵੇ। ਇਹ ਨਾਦ ਹਰ ਜੀਵ ਦੇ ਅੰਦਰ ਨਿਰੰਤਰ ਚਲ ਰਿਹਾ ਹੈ। 'ਅਨਹਦ ਸਬਦ ਵਜੈ ਦਿਨ ਰਾਤੀ' ਰਾਹੀਂ ਇਸ ਦੀ ਨਿਰੰਤਰਤਾ ਦੀ ਪੁਸ਼ਟੀ ਹੁੰਦੀ ਹੈ। ਗੁਰਮੁਖ ਲੋਕ 'ਅੰਤਰਿ ਸੁਰਤਿ ਗਿਆਨ' ਦੇ ਧਾਰਨੀ ਹੋਣ ਕਰਕੇ ਇਸਦਾ ਅਨੰਦ ਮਾਣਦੇ ਹਨ ਪਰ ਮਨਮੁੱਖ 'ਜਗਦੀਸੈ ਅੰਸ' ਹੁੰਦੇ ਹੋਏ ਵੀ 'ਅੰਤਰਿ ਹਰਿ ਸੁਰਤਿ ਨਾਹੀ' ਹੋਣ ਕਰਕੇ ਇਸ ਤੋਂ ਵਿਰਵੇ ਰਹਿ ਜਾਂਦੇ ਹਨ। ਗੁਰਮੁਖ ਦੀ ਬਿਰਤੀ ਵਿਚੋਂ ਅਨੰਦ ਵਿਗਾਸ ਤੇ ਕਮਲ ਪ੍ਰਕਾਸ਼ ਦਾ ਖੇੜਾ ਉਦੋਂ ਹੀ ਉਜਾਗਰ ਹੁੰਦਾ ਹੈ ਜਦੋਂ ਇਹ ਅਵਿਗਤ ਦੀ ਗਤ ਨੂੰ ਜਾਣ ਕੇ, ਅਨਹਦ ਨਾਦ ਦੇ ਰੰਗ ਵਿਚ ਨਿਰੰਤਰ ਰੰਗਿਆ ਜਾਂਦਾ ਹੈ:

*ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ।*

(ਸੋਰਠਿ ਮ: ੩, ਪੰਨਾ 662)

ਅਨਹਦ ਸ਼ਬਦ ਅੰਤਰਿ ਜੋਤਿ ਦਾ ਪ੍ਰਕਾਸ਼ ਅਤੇ ਪਰਮਸਤਿ ਦੀ ਸੋਝੀ ਦਾ ਝਲਕਾਰਾ ਹੈ। ਇਸ ਨੂੰ 'ਪ੍ਰਗਟਿਓ ਜੋਤਿ ਸਹਜ ਸੁਖ ਸੋਭਾ' ਵੀ ਪਰਵਾਨ ਕੀਤਾ ਗਿਆ ਹੈ। ਇਹ ਸੋਭਾ ਤੇ ਸਹਜ ਮੁਖ ਬਾਹਰਮੁਖੀ ਨਹੀਂ, ਸਗੋਂ ਅੰਤਰ ਮੁਖੀ ਹੈ। ਇਸ ਅੰਤਰਮੁਖਤਾ ਦਾ ਕੇਂਦਰ ਦਸਮ ਦੁਆਰ ਹੈ। ਅਨਹਦ ਸ਼ਬਦ ਦਾ ਵੱਜਣਾ ਦਸਮ ਦੁਆਰ ਦਾ ਖੁਲ੍ਹਣਾ ਹੈ। ਰਹੱਸਾਤਮਕ ਧਰਾਤਲ ਤੇ ਅਨਹਦ ਸ਼ਬਦ ਅਤੇ ਦਸਮ ਦੁਆਰ ਨੂੰ ਇਕ ਦੂਜੇ ਤੋਂ ਨਿਖੇੜਿਆ ਨਹੀਂ ਜਾ ਸਕਦਾ। ਦਸਮ ਦੁਆਰ ਦੀ ਖੇਡ ਉਨ੍ਹਾਂ ਗੁਰਮੁਖ ਪਿਆਰੇ ਮਰਜੀਵੜਿਆਂ ਦੀ ਗਾਥਾ ਹੈ, ਜਿਨ੍ਹਾਂ ਨੇ ਦੁਨਿਆਵੀ ਮੋਹ ਦੇ ਬੰਧਨ ਤੋੜ ਕੇ ਸ਼ਬਦ ਦੀ ਕਮਾਈ ਕੀਤੀ ਹੈ। ਜੋਗੀ ਜਿਥੇ ਨੌਂ ਦੁਆਰਿਆਂ ਨੂੰ ਹਠ ਜੋਗ ਰਾਹੀਂ ਬੰਦ ਕਰਦੇ ਹਨ, ਉਥੇ ਗੁਰਸਿਖ ਦੇ ਨੌਂ ਦੁਆਰੇ ਨਾਮ ਸਿਮਰਨ ਦੀ ਸਾਧਨਾ ਰਾਹੀਂ ਆਪਣੇ ਆਪ ਬੰਦ ਹੋ ਜਾਂਦੇ ਹਨ। ਨੌਂ ਦੁਆਰੇ ਵਾਸ਼ਨਾਵਾਂ ਦੇ ਹੇਤੂ ਹਨ ਅਤੇ ਗੁਰਮੁਖ ਇਨ੍ਹਾਂ ਵਾਸ਼ਨਾਵਾਂ ਤੋਂ ਉਪਰ ਉਠ ਚੁੱਕਿਆ ਹੁੰਦਾ ਹੈ। ਦਸਮ ਦੁਆਰ ਦਾ ਖੁੱਲ੍ਹਣਾ ਸਰਬਤ ਵਾਸ਼ਨਾਵਾਂ ਦੀ ਮੁਕਤੀ ਦੀ ਪ੍ਰਤੀਤੀ ਹੈ। ਦਸਮ ਦੁਆਰ ਵਿਚ ਜਦੋਂ ਅਨਹਦ ਸ਼ਬਦ ਦਾ ਵਾਜਾ ਵਜਦਾ ਹੈ ਤਾਂ ਇਸਦੇ ਨਾਲ ਹੀ ਅੰਮ੍ਰਿਤ ਨਾਮ ਨੂੰ ਚੋ ਕੇ ਪ੍ਰਮਾਤਮ ਮਿਲਾਪ ਦਾ ਸ਼ਗਨ ਕੀਤਾ ਜਾਂਦਾ ਹੈ।

*ਅਨਹਦ ਸਬਦ ਦਸਮ ਦੁਆਰ ਵਜਿਓ ਤਹਿ ਅੰਮ੍ਰਿਤ ਨਾਮੁ ਚੁਆਇਆ ਥਾ॥*

(ਮਾਰੂ ਮ:5, ਪੰਨਾ 1002)

ਦਸਮ ਦੁਆਰ ਦੇ ਸਥਲ ਉਪਰ ਜਿਥੇ ਅੰਤਰ ਮੁਖਤਾ ਵਿਚ ਜਗਿਆਸੂ ਨੂੰ ਨਾਮ ਦੀ ਪ੍ਰਤੀਤੀ ਹੁੰਦੀ ਹੈ, ਉਥੇ ਬਾਹਰਮੁਖਤਾ ਵਿਚ ਉਹ ਸਰਬਤ ਕੁਦਰਤ ਨੂੰ ਇਸੇ ਨਾਮ ਨੂੰ ਧਾਰਨ ਕੀਤਾ ਹੋਇਆ ਵੇਖਦਾ ਹੈ। ਕੁਦਰਤ ਨੂੰ ਵੇਖਣ ਦਾ ਤਰੀਕਾ ਵਿਸਮਾਦ ਹੈ। ਇਹ ਵਿਸਮਾਦੀ ਅਨੁਭਵ ਉਦੋਂ ਖੁੱਲ੍ਹਦਾ ਹੈ, ਜਿਸ ਵੇਲੇ ਕੁਦਰਤ ਵਿਚ ਵਸ ਰਹੇ ਸ਼ਬਦ ਦੀ ਧੁਨੀ ਮਨੁੱਖੀ ਹਿਰਦੇ ਦੀਆਂ ਮਹਿਰਾਬਾਂ 'ਹਉ

*ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ* ਵਿਚ ਗੂੰਜ ਉਠਦੀਆਂ ਹਨ। ਇਵੇਂ ਸ਼ਬਦ ਧੁਨ ਦੀ ਸੰਗੀਤਕਤਾ ਵਿਸਮਾਦੀ ਛਿਣਾਂ ਵਿਚ ਅੰਦਰ ਬਾਹਰ ਪ੍ਰਭੂ ਨੂੰ ਮਾਣਦੀ ਹੈ। ਇਸੇ ਕਰਕੇ ਭਗਤ ਨਾਮਦੇਵ ਜੀ ਕਹਿੰਦੇ ਹਨ:

*ਜਬ ਦੇਖਾ ਤਬ ਗਾਵਾ। ਤਉ ਜਨ ਧੀਰਜੁ ਪਾਵਾ॥*
*ਨਾਦਿ ਸਮਾਇਲੋ ਰੇ ਸਤਿਗੁਰ ਭੇਟਿਲੇ ਦੇਵਾ॥*
*ਜਹ ਝਿਲਿਮਿਲਿਕਾਰੁ ਦਿਸੰਤਾ॥*
*ਤਹ ਅਨਹਦ ਸਬਦ ਬਜੰਤਾ॥*

(ਸੋਰਠਿ ਨਾਮਦੇਵ ਜੀਓ, ਪੰਨਾ 656)

ਗੁਰਮਤਿ ਵਿਚ ਨਾਮ ਅਭਿਆਸ ਕਮਾਈ ਜਦ ਅਨਹਦ ਸ਼ਬਦ ਦੇ ਸਰੂਪ ਵਿਚ ਹਿਰਦੇ ਅੰਦਰ ਉਜਾਗਰ ਹੋ ਜਾਂਦੀ ਹੈ ਤਾਂ ਸੁਰਤਿ ਇਸ ਨੂੰ ਅੰਤਰਮੁਖਤਾ ਵਿਚ ਅਖੰਡ ਕੀਰਤਨ ਦੇ ਰੂਪ ਵਿਚ ਮਾਣਦੀ ਹੈ। ਜਦੋਂ ਇਹ ਕੀਰਤਨ ਧੁਰ ਅੰਦਰੋਂ ਬਾਹਰ ਨਿਕਲਦਾ ਹੈ ਤਾਂ ਆਪਣੇ ਆਪ ਹੀ ਰਾਗ ਬੱਧ ਹੋ ਜਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਨੂੰ ਜਦੋਂ ਵੀ ਬਾਣੀ ਦਾ ਵਿਸਮਾਦ ਆਇਆ ਤਾਂ ਆਪ ਨੇ ਮਰਦਾਨੇ ਨੂੰ ਕਿਹਾ-'ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ।' ਜਿਵੇਂ ਇਹ ਬਾਣੀ ਪ੍ਰਗਟ ਹੋਈ ਹੈ ਉਵੇਂ ਹੀ ਜਦੋਂ ਇਸ ਨੂੰ ਗਾਇਆ ਜਾਂਦਾ ਹੈ ਤਾਂ ਇਹ ਗੁਰਸਿੱਖ ਦੀ ਰੂਹ ਦੇ ਕਵਾੜ ਖੋਲ੍ਹਦੀ ਹੈ ਤੇ ਹੌਲੀ ਹੌਲੀ ਇਹ ਅਖੰਡ ਕੀਰਤਨ ਜਾਂ ਨਿਰਬਾਣ ਕੀਰਤਨ ਦਾ ਰੂਪ ਧਾਰਨ ਕਰ ਲੈਂਦੀ ਹੈ। ਬਾਹਰਮੁਖੀ ਕੀਰਤਨ ਜਾਂ ਸੰਗੀਤ ਜਦ 'ਨਾਮ ਧੁਨਿ' ਬਣਦੇ ਗੁਰਸਿੱਖ ਦੇ ਹਿਰਦੇ ਅੰਦਰ ਨਿਰੰਤਰ ਚੱਲ ਪੈਂਦਾ ਹੈ ਤਾਂ ਇਸਨੂੰ ਅਖੰਡ ਕੀਰਤਨ ਕਿਹਾ ਜਾਂਦਾ ਹੈ। ਇਹ ਵਿਸਮਾਦੀ ਅਨੁਭਵ ਉਨ੍ਹਾਂ ਗੁਰਸਿੱਖਾਂ ਨੂੰ ਹੀ ਪ੍ਰਾਪਤ ਹੁੰਦਾ ਹੈ। ਜਿਨ੍ਹਾਂ ਉਪਰ ਵਾਹਿਗੁਰੂ ਦੀ ਅਪਾਰ ਕ੍ਰਿਪਾ ਹੁੰਦੀ ਹੈ। ਜੋ ਇਸ ਕ੍ਰਿਪਾ ਦੇ ਪਾਤਰ ਬਣ ਜਾਂਦੇ ਹਨ ਉਨ੍ਹਾਂ ਦੇ ਰੂਹਾਨੀ ਜੀਵਨ ਦੀ ਖੁਰਾਕ ਇਹ ਕੀਰਤਨ ਰਸ ਹੀ ਹੋ ਨਿਬੜਦਾ ਹੈ:

*ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ॥*
*ਕਹੁ ਨਾਨਕ ਜਿਸੁ ਸਤਿਗੁਰੁ ਪੂਰਾ॥*

(ਗਉੜੀ ਮ: 5, ਪੰਨਾ 236)

ਗੁਰੂ ਸਾਹਿਬਾਨ ਨੇ ਇਹ ਵੀ ਆਦੇਸ਼ ਕੀਤਾ ਹੈ ਕਿ ਜਿਥੇ ਪਹਿਲੇ ਜੁਗਾਂ ਵਿਚ ਜਤੁ, ਸੰਜਮ, ਤੀਰਥ ਤੇ ਧਰਮ ਕਰਮ ਪਰਮਾਰਥ ਦੇ ਸਾਧਨ ਸਨ, ਉਥੇ ਕਲਯੁਗ ਹਰਿ ਕੀਰਤ ਦੀ ਰੁੱਤ ਹੈ। ਇਸ ਸਮੇਂ ਵਿਚ ਕਰਮ ਧਰਮ ਦੀ ਖੇਤੀ ਤਾਂ ਜਮਦੂਤਾਂ ਨੇ ਲੁੱਟ ਕੇ ਲੈ ਜਾਣੀ ਹੈ, ਕੇਵਲ ਨਿਰਬਾਣ ਕੀਰਤਨ ਹੀ ਇਕ ਅਜਿਹਾ ਸਾਧਨ ਹੈ ਜੋ ਇਸ ਮਾਰ ਤੋਂ ਬਚਾਈ ਰੱਖਦਾ ਹੈ ਅਤੇ ਮੁਕਤਿ ਜੁਗਤਿ ਦੀ ਪ੍ਰਾਪਤੀ ਵੀ ਇਸੇ ਰਾਹੀਂ ਹੋਈ ਹੈ:

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ॥*

(ਸੂਹੀ ਮ:5, ਪੰਨਾ 747)

ਨਿਰਬਾਣ ਦਾ ਸ਼ਬਦੀ ਅਰਥ ਸ਼ੁਧ ਜਾਂ ਬਿਨਾਂ ਕਿਸੇ ਲਗ ਲਗਾਓ ਹੈ। ਇਹ ਨਿਰੋਲ ਸਿਫ਼ਤ ਸਲਾਹ ਹੈ। ਅਫਸੋਸ ਕਿ ਅੱਜ ਗੁਰਸਿੱਖਾਂ ਨੇ ਕੀਰਤਨ ਨੂੰ ਕਮਾਈ ਦਾ ਸਾਧਨ ਬਣਾ ਲਿਆ ਹੈ। ਕੀਰਤਨ ਇਕ ਸਾਧਨਾ ਪੱਧਤੀ ਹੈ ਅਤੇ ਨਾਮ ਸਿਮਰਨ ਦਾ ਹੀ ਰੂਪ ਹੈ। ਸਾਧਨਾ ਕਰਕੇ ਹੀ ਇਹ ਨਿਰਮੋਲਕ ਹੀਰਾ ਅਤੇ ਅਨੰਦ ਗੁਣੀ ਗਹੀਰਾ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਚੰਚਲ ਮਨ ਜੇ ਕਿਸੇ ਵੀ ਬਿਧਿ ਵਸਗਤਿ ਨਾ ਆਵੇ ਤਾਂ ਕੀਰਤਨ ਦੀ ਆਕਰਖਣ ਕਲਾ ਦੁਆਰਾ ਅਵੱਸ਼ ਅਸਥਿਰ ਹੋ ਜਾਂਦਾ ਹੈ।

ਸੋ ਇਸ ਸਾਰੀ ਵਿਚਾਰ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਗੁਰਮਤਿ ਵਿਚ ਸ਼ਬਦ ਅਤੇ ਸੰਗੀਤ ਦਾ ਵਿਵਹਾਰੀ ਪੱਖ ਭਾਵੇਂ ਗੁਰਬਾਣੀ ਦਾ ਸੁਰ ਲੈਅ ਤਾਲ ਨਾਲ ਸਮੇਂ ਸਮੇਂ ਦੇ ਰਾਗਾਂ ਅਨੁਸਾਰ ਗਾਇਣ ਕਰਨਾ ਹੈ ਪਰ ਇਸ ਦਾ ਰਹੱਸਾਮਤਕ ਸੰਦਰਭ ਨਾਮ ਧੁਨਿ ਦੇ 'ਅਖੰਡ ਕੀਰਤਨ' ਵਲ ਇਸ਼ਾਰਾ ਕਰਦਾ ਹੈ। ਸ਼ਬਦ ਸੁਰਤਿ ਵਾਂਗ ਸ਼ਬਦ ਸੰਗੀਤ ਵੀ ਅੰਤਰੀਵ ਦੀ ਸਾਧਨਾ ਹੈ। ਅੰਤਰੀਵ ਨਾਲ ਜੁੜਨ ਦੀ ਨਿਰੰਤਰਤਾ ਇਸ ਨੂੰ ਲਿਵ ਵਿਚ ਉਜਾਗਰ ਕਰ ਦਿੰਦੀ ਹੈ। ਅਤੇ ਇਹ ਲਿਵ ਜਦ ਵਿਸਮਾਦ ਦਾ ਰੂਪ ਧਾਰਨ ਕਰਦੀ ਹੈ ਤਾਂ ਸ਼ਬਦ ਸੰਗੀਤ ਦਾ ਰਾਗ, ਅਨੁਰਾਗ ਵਿਚ ਬਦਲ ਜਾਂਦਾ ਹੈ। ਇਸੇ ਕਰਕੇ ਭਾਈ ਗੁਰਦਾਸ ਜੀ ਕਹਿੰਦੇ ਹਨ:

*ਜਿਉ ਜੰਤ੍ਰੀ ਹਥ ਜੰਤ੍ਰ ਲੈ ਸਭ ਰਾਗ ਵਜਾਏ॥*
*ਆਪੇ ਸੁਣਿ ਸੁਣਿ ਮਗਨੁ ਹੋਇ ਆਪੇ ਗੁਣ ਗਾਏ॥*
*ਸਬਦੁ ਸੁਰਤਿ ਲਿਵ ਲੀਣੁ ਹੋਇ ਆਪਿ ਰੀਝਿ ਰੀਝਾਏ॥*
*ਕਥਤਾ ਬਕਤਾ ਆਪੁ ਹੈ ਸੁਰਤਾ ਲਿਵ ਲਾਏ॥*
*ਆਪੇ ਆਪਿ ਵਿਸਮਾਦੁ ਹੋਇ ਸਰਬੰਗਿ ਸਮਾਏ॥*

---

ਔਸਤੀ ਕਲੋਨੀ(ਨਜ਼ਦੀਕ ਐਮਪੀ ਦੀ ਕੋਠੀ)
ਡਾਕ: ਪ੍ਰਤਾਪ ਨਗਰ, ਨੰਗਲ ਡੈਮ, ਰੋਪੜ
ਮੋਬਾ:98722 91292

# ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਿਰਧਾਰਤ ਰਾਗਾਂ ਅਨੁਸਾਰ ਹੀ ਕੀਰਤਨ ਹੋਵੇ: ਜਥੇ : ਅਵਤਾਰ ਸਿੰਘ

## ਤੰਤੀ ਸਾਜਾਂ ਦੀ ਪੁਰਾਤਨ ਪਰੰਪਰਾ ਨਿਰੰਤਰ ਜਾਰੀ ਰਹੇਗੀ

ਅੰਮ੍ਰਿਤਸਰ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿੱਖ ਰਹਿਤ ਮਰਿਯਾਦਾ ਵਿਚ ਦਰਜ ਕੀਰਤਨ ਦੇ ਵਿਧਾਨ ਅਨੁਸਾਰੀ ਮਿਆਰੀ ਤੇ ਪ੍ਰਵਾਨਤ ਨਿਰਧਾਰਤ ਰਾਗਾਂ ਵਿਚ ਹੀ ਕੀਰਤਨ ਕੀਤਾ ਜਾਵੇ। ਇਹ ਵਿਚਾਰ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀਆਂ ਦੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕਹੇ।

ਉਨ੍ਹਾਂ ਕਿਹਾ ਕਿ ਰਾਗੀ ਸਿੰਘਾਂ ਨੂੰ ਰਿਆਜ਼ ਕਰਕੇ ਕੀਰਤਨ ਪਰੰਪਰਾ ਵਿਚ ਵਾਧਾ ਕਰਨਾ ਚਾਹੀਦਾ ਹੈ ਫਿਲਮੀ ਧੁਨਾਂ ਦਾ ਗਾਇਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਿਲਕੁਲ ਬਰਦਾਸ਼ਤ ਨਹੀਂ ਹੋਵੇਗਾ ਤੇ ਨਾ ਹੀ ਇਸ ਦੀ ਕਿਸੇ ਨੂੰ ਆਗਿਆ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਤੰਤੀ ਸਾਜ਼ਾਂ ਨਾਲ ਕੀਰਤਨ ਪਰੰਪਰਾ ਨੂੰ ਮੁੜ ਸੁਰਜੀਤ ਕਰਨ ਦੇ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ 6 ਮਾਰਚ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਤੰਤੀ ਸਾਜ਼ਾਂ ਨਾਲ ਕੀਰਤਨ ਦਾ ਪ੍ਰਾਰੰਭ ਕੀਤਾ ਗਿਆ ਹੈ। ਸ੍ਰੀ ਅਨੰਦਪੁਰ ਸਹਿਬ ਵਿਖੇ ਸ਼੍ਰੋਮਣੀ ਕਮੇਟੀ ਵਲੋਂ ਸੰਗੀਤ ਅਕੈਡਮੀ ਚਲਾਈ ਜਾ ਰਹੀ ਹੈ ਜਿਥੇ ਤੰਤੀ ਸਾਜ਼ਾਂ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਜਦੋਂ ਇਹ ਜਥੇ ਤਿਆਰ ਹੋ ਜਾਣਗੇ, ਇਹ ਜਥੇ ਤੰਤੀ ਸਾਜ਼ਾਂ ਨਾਲ ਕੀਰਤਨ ਕਰਨਗੇ। ਗੁਰਮਤਿ ਰਹਿਣੀ ਬਹਿਣੀ ਦੇ ਧਾਰਨੀ ਜਥਿਆਂ ਨੂੰ ਪੂਰਾ ਮਾਣ ਸਤਿਕਾਰ ਮਿਲੇਗਾ। ਉਹ ਆਪਣਾ ਮਿਆਰ ਤੇ ਸਤਿਕਾਰ ਕਾਇਮ ਰੱਖਣ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਨ ਲਈ ਕਿਸੇ ਜਥੇ ਲਈ ਸ਼ਿਫਾਰਿਸ਼ ਪ੍ਰਵਾਨ ਨਹੀਂ ਹੋਵੇਗੀ। ਮਿਆਰੀ ਤੇ ਨਿਰਧਾਰਤ ਰਾਗਾਂ 'ਚ ਕੀਰਤਨ ਕਰਨ ਵਾਲੇ ਜਥੇ ਨੂੰ ਪੂਰਨ ਸਤਿਕਾਰ ਮਿਲੇਗਾ। ਉਨ੍ਹਾਂ ਕਿਹਾ ਕਿ ਪ੍ਰੋ: ਕਰਤਾਰ ਸਿੰਘ ਡਾਇਰੈਕਟਰ ਸੰਗੀਤ ਅਕੈਡਮੀ ਅਨੰਦਪੁਰ ਸਾਹਿਬ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸੰਗੀਤ ਵਿਭਾਗ ਦੇ ਮੁਖੀ ਡਾ. ਗੁਰਨਾਮ ਸਿੰਘ, ਭਾਈ ਨਿਰਮਲ ਸਿੰਘ, ਭਾਈ ਅਵਤਾਰ ਸਿੰਘ ਦਿੱਲੀ ਵਾਲਿਆਂ ਦਾ ਵੀ ਇਸ ਪਰੰਪਰਾ ਨੂੰ ਸੁਰਜੀਤ ਕਰਨ ਲਈ ਸਹਿਯੋਗ ਵੀ ਲਿਆ ਜਾਵੇਗਾ। ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੇ ਜਥਿਆਂ ਨੂੰ ਵੀ ਵਧ ਤੋਂ ਵਧ ਰਿਆਜ ਤੇ ਨਿਰਧਾਰਤ ਰਾਗਾਂ ਅਧਾਰਤ ਹੀ ਕੀਰਤਨ ਤੇ ਜ਼ੋਰ ਦਿੱਤਾ।

ਸ. ਅਵਤਾਰ ਸਿੰਘ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਹੁੰਦਾ ਕੀਰਤਨ ਸਮੁੱਚੇ ਸੰਸਾਰ ਦੇ ਸਿੱਖ ਸਰਵਣ ਕਰਦੇ ਹਨ। ਰਾਗੀ ਸਿੰਘਾਂ ਦੇ ਸ਼ਬਦਾਂ ਦੇ ਦਹਿਰਾਓ ਬਾਰੇ ਅਕਸਰ ਸ਼ਿਕਾਇਤ ਮਿਲਦੀ ਹੈ ਕਿ ਕੈਸਟਾਂ ਵਿਚ ਭਰੇ ਸ਼ਬਦ ਹੀ ਬਾਰ ਬਾਰ ਗਾਇਨ ਕੀਤੇ ਜਾਂਦੇ ਹਨ, ਜਦ ਕਿ ਸਾਡੇ ਪਾਸ ਸ਼ਬਦਾਂ ਦਾ ਅਥਾਹ ਭੰਡਾਰ ਹੈ। ਸ਼ਬਦ ਨੂੰ ਕੰਠ ਕਰਨਾ ਤੇ ਨਿਰਧਾਰਤ ਰਾਗ ਵਿਚ ਗਾਇਨ ਕਰਨਾ ਕਠਿਨ ਤਾਂ ਹੈ ਪਰ ਮੁਸ਼ਕਿਲ ਨਹੀਂ, ਇਸ ਲਈ ਮੇਹਨਤ ਦੀ ਲੋੜ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਕੀਰਤਨੀ ਸਿੰਘਾਂ ਦਾ ਸਾਰੇ ਸਿੱਖ ਸਤਿਕਾਰ ਕਰਦੇ ਹਨ, ਇਸ ਇਵਜ ਵਿਚ ਰਾਗੀ ਸਿੰਘ ਵੀ ਕੀਰਤਨ ਦੇ ਮਿਆਰ ਨੂੰ ਬਣਾਉਣ ਤੇ ਸਤਿਕਾਰ ਪ੍ਰਾਪਤ ਕਰਨ। ਉਨ੍ਹਾਂ ਕਿਹਾ ਕਿ ਅੱਜ ਤੰਤੀ ਸਾਜ਼ਾਂ ਨਾਲ ਹੁੰਦੇ ਕੀਰਤਨ ਸਮੇਂ ਮੈਂ ਖੁਦ ਹਾਜ਼ਰੀ ਭਰੀ ਹੈ, ਜਿਸ ਨਾਲ ਮੈਨੂੰ ਆਤਮਿਕ ਸ਼ਾਂਤੀ ਪ੍ਰਾਪਤ ਹੋਈ ਹੈ। ਗੁਰੂ ਨਾਨਕ ਸਾਹਿਬ ਤੇ ਹੋਰ ਸਿੱਖ ਗੁਰੂ ਸਾਹਿਬਾਨ ਵੇਲੇ ਇਨ੍ਹਾਂ ਤੰਤੀ ਸਾਜ਼ਾਂ ਦੀ ਵਰਤੋਂ ਕੀਰਤਨ ਵੇਲੇ ਹੁੰਦੀ ਸੀ। ਜੋ ਸਮੇਂ ਨਾਲ ਅਲੋਪ ਹੋ ਗਈ। ਇਸ ਨੂੰ ਮੁੜ ਸੁਰਜੀਤ ਕਰਨ ਲਈ ਪੂਰੀ ਵਾਹ ਲਾਈ ਜਾਵੇਗੀ। ਉਨ੍ਹਾਂ ਸ੍ਰੀ ਦਰਬਾਰ ਸਾਹਿਬ ਦੇ ਸੇਵਾਦਾਰਾਂ ਖਾਸ ਕਰਕੇ ਜਿਹੜੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਸੇਵਾ ਨਿਭਾਉਂਦੇ ਹਨ ਨੂੰ ਕਿਹਾ ਕਿ ਟੈਲੀਕਾਸਟ ਸਮੇਂ ਰਾਗੀ ਜਥੇ ਪਿੱਛੇ ਕਿਸੇ ਵਿਅਕਤੀ ਵਿਸ਼ੇਸ਼ ਲਈ ਥਾਂ ਉਚੇਚੇ ਤੌਰ ਤੇ ਖਾਲੀ ਨਾ ਕਰਵਾਈ ਜਾਵੇ, ਜਿਥੇ ਥਾਂ ਮਿਲਦੀ ਹੈ ਉਥੇ ਕੀਰਤਨ ਸਰਵਨ ਕੀਤਾ ਜਾਵੇ। ਰਾਗੀ ਸਿੰਘਾਂ ਉਪਰੰਤ ਉਨ੍ਹਾਂ ਨੇ ਸ੍ਰੀ ਦਰਬਾਰ

ਸਾਹਿਬ ਦੇ ਮੁਲਾਜ਼ਮਾਂ ਦੀ ਇਕੱਤਰਤਾ ਨੂੰ ਵੀ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਬਾਹਰੋਂ ਆਏ ਸ਼ਰਧਾਲੂਆਂ ਨਾਲ ਨਿਮਰਤਾ ਤੇ ਹਲੀਮੀ ਨਾਲ ਵਿਵਹਾਰ ਹੋਵੇ ਅਤੇ ਸਰਾਵਾਂ ਦੀ ਸਫਾਈ ਆਦਿ ਵੱਲ ਉਚੇਚਾ ਧਿਆਨ ਦਿੱਤਾ ਜਾਵੇ।

ਉਨ੍ਹਾਂ ਮੁਲਾਜ਼ਮਾਂ ਨੂੰ ਹਦਾਇਤ ਦੇਂਦਿਆਂ ਕਿਹਾ ਕਿ ਸਰਾਵਾਂ ਵਿਚ ਯਾਤਰੂਆਂ ਨੂੰ ਕਮਰੇ ਦੀ ਸ਼ਿਕਾਇਤ ਨਾ ਆਵੇ ਜਿਸ ਨੂੰ ਕਮਰਾ ਮਿਲ ਸਕਦਾ ਹੈ ਸਤਿਕਰ ਨਾਲ ਸਮੇਂ ਸਿਰ ਦਿਓ। ਇਸ ਸਮੇਂ ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਤੇ ਸ. ਰੂਪ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ। ਇਸ ਸਮੇਂ ਦਿਲਜੀਤ ਸਿੰਘ ਇਚਾਰਜ ਪਬਲੀਸਿਟੀ, ਸ. ਸੁਖਦੇਵ ਸਿੰਘ ਤਲਵੰਡੀ, ਸ. ਜੋਗਿੰਦਰ ਸਿੰਘ ਭੋਜਾ, ਸ. ਸੁਖਦੇਵ ਸਿੰਘ ਭੌਰਾ ਕੋਨਾ ਤੇ ਸ. ਜਗੀਰ ਸਿੰਘ ਮੀਤ ਮੈਨੇਜਰ ਹਾਜ਼ਰ ਸਨ।

## ਤੰਤੀ ਸਾਜ਼ਾਂ ਦੇ ਸਾਜ਼ਿੰਦੇ ਭਰਤੀ ਕੀਤੇ ਜਾਣਗੇ: ਜਥੇ: ਅਵਤਾਰ ਸਿੰਘ

## ਤੰਤੀ ਸਾਜ਼ਾਂ ਨਾਲ ਕੀਰਤਨ ਦੀ ਪੁਰਾਤਨ ਪਰੰਪਰਾ ਮੁੜ ਬਹਾਲ

ਅੰਮ੍ਰਿਤਸਰ: ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਮੁੜ ਤੰਤੀ ਸਾਜ਼ਾਂ ਨਾਲ ਅਰੰਭ ਕੀਤੀ ਪੁਰਾਤਨ ਕੀਰਤਨ ਪਰੰਪਰਾ ਨੂੰ ਹਰ ਪਾਸਿਓਂ ਸੰਗਤਾਂ ਵਲੋਂ ਸਲਾਹਿਆ ਗਿਆ। ਇਸ ਸਬੰਧ ਵਿਚ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਵੱਡੀ ਮਾਤਰਾ ਵਿਚ ਫੋਨ ਕਰਕੇ ਸੰਗਤਾਂ ਨੇ ਆਪਣੀ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਹੈ ਅਤੇ ਇਸ ਕਾਰਜ ਲਈ ਉਨ੍ਹਾਂ ਨੂੰ ਵਧਾਈ ਦਿੱਤੀ ਹੈ। ਸੰਗਤਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਇਸ ਰਵਾਇਤ ਨੂੰ ਪੱਕੇ ਤੌਰ ਤੇ ਜਾਰੀ ਰੱਖਣ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਪਰੰਪਰਾ ਹਲਤ ਸੁਖ ਪਲਤ ਸੁਖ ਅਤੇ ਅਧਿਆਤਮਕ ਅਨੰਦ ਪ੍ਰਦਾਨ ਕਰਨ ਵਾਲੀ ਹੈ।

ਹਰਿਮੰਦਰ ਸਾਹਿਬ ਕੀਰਤਨ ਕਰਨ ਵਾਲੇ ਕੀਰਤਨੀਏ ਦਾ ਇਕ ਸਮੇਂ ਦਰਸ਼ਨਕਾਰ, ਸੰਗੀਤ ਕਾਰ ਅਤੇ ਇਤਿਹਾਸਕਾਰ ਹੋਣਾ ਲਾਜ਼ਮੀ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਪਰੰਪਰਾ ਪ੍ਰਭੂ ਨਾਲੋਂ ਟੁਟੀਆਂ ਰੂਹਾਂ ਨੂੰ ਮੇਲਣ ਦੀ ਭੂਮਿਕਾ ਨਿਭਾਉਂਦੀ ਹੈ। ਸਿੱਖ ਧਰਮ ਵਿਚ ਸ਼ਬਦ ਕੀਰਤਨ ਦੀ ਵਡੇਰੀ ਤੇ ਵਿਸ਼ਾਲ ਪਰਪੰਰਾ ਦਾ ਸਦੀਆਂ ਤੋਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਨਿਰੰਤਰ ਪ੍ਰਵਾਹ ਚੱਲ ਰਿਹਾ ਹੈ। ਜਿਸ ਦਾ ਅਰੰਭ ਗੁਰੂ ਨਾਨਕ ਸਾਹਿਬ ਜੀ ਦੁਆਰਾ ਭਾਈ ਮਰਦਾਨੇ ਦੀ ਰਬਾਬ ਦੀ ਇਲਾਹੀ ਝਨਕਾਰ ਨਾਲ ਹੋਇਆ, ਇਤਿਹਾਸ ਨੇ ਗੁਰੂ ਨਾਨਕ ਸਾਹਿਬ ਦੇ ਇਨ੍ਹਾਂ ਬੋਲਾਂ ਨੂੰ ਵੀ ਸਾਂਭ ਕੇ ਰੱਖਿਆ ਹੈ ਕਿ ***ਛੇੜ ਮਰਦਾਨਿਆ ਰਬਾਬ ਬਾਣੀ ਆਈ ਆ।***

ਗੁਰੂ ਗੰਥ ਸਾਹਿਬ ਜੀ ਦੇ ਗੁਰੂ ਸਰੂਪ ਤੋਂ ਪ੍ਰਤੱਖ ਹੈ ਕਿ ਸਮੂਹ ਸਿੱਖ ਗੁਰੂ ਸਾਹਿਬਾਨ ਨੇ ਰਾਗਬਧ ਬਾਣੀ ਦਾ ਉਚਾਰਣ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਸਮੁੱਚੀ ਬਾਣੀ ਨੂੰ 31 ਰਾਗਾਂ ਅਧੀਨ ਅੰਕਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰ ਵਿਚ ਪ੍ਰਚਲਤ ਰਾਗਾਂ, ਗਾਇਨ ਸ਼ੈਲੀਆਂ ਤੇ ਸਾਜ਼ਾਂ ਦਾ ਇਕ ਵੱਡਾ ਤੇ ਇਤਿਹਾਸਕ ਪਸਾਰਾ ਹੈ। ਜਿਸ ਨੇ ਸਿੱਖ ਧਰਮ ਦੀ ਇਸ ਸੰਗੀਤ ਪ੍ਰੰਪਰਾ ਨੂੰ ਮੌਲਿਕ ਰੂਪ ਵਿਚ ਉਜਾਗਰ ਕੀਤਾ ਹੈ। ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁਰਾਤਨ ਤੰਤੀ ਸਾਜ਼ਾਂ ਨਾਲ ਕੀਰਤਨ ਪ੍ਰੰਪਰਾ ਸ਼ੁਰੂ ਕਰਨ ਤੇ ਸੰਗਤਾਂ ਵਲੋਂ ਭਰਵਾਂ ਹੁੰਗਾਰੇ ਤੇ ਤਸੱਲੀ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਪ੍ਰੰਪਰਾ ਨੂੰ ਪੱਕੇ ਪੈਰੀਂ ਖੜਾ ਕਰਨ ਲਈ ਤੰਤੀ ਸਾਜ਼ਾਂ ਦੇ ਮਾਹਿਰ ਸਿੱਖ ਵਿਦਵਾਨਾਂ ਨਾਲ ਸਾਡਾ ਤਾਲਮੇਲ ਜਾਰੀ ਹੈ।

ਗੁਰਮਤਿ ਸੰਗੀਤ ਦੇ ਅਚਾਰੀਆ ਪੰਜਾਬੀ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੇ ਮੁਖੀ ਡਾ. ਗੁਰਨਾਮ ਸਿੰਘ ਨੇ ਆਪਣੇ ਸਾਥੀਆਂ ਸਮੇਤ ਸਾਰੇ ਤੰਤੀ ਸਾਜ਼ਾਂ ਨਾਲ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕੀਤਾ। ਦੇਸ਼ ਦੀ ਵੰਡ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਕੀਰਤਨ ਕਰਨ ਲਈ ਸਾਰੇ ਤੰਤੀ ਸਾਜ ਇਸਤੇਮਾਲ ਹੋਏ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਕੀਰਤਨ ਨਾਲ ਰਬਾਬ, ਗੁਰੂ ਅਮਰਦਾਸ ਤੇ ਗੁਰੂ ਅਰਜਨ ਦੇਵ ਨੇ ਸਰੰਦਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਤਾਊਸ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸਰਾਜ, ਤੰਬੂਰਾ ਤੇ ਦਿਲਰੁਬਾ ਸਾਜ ਰਾਹੀਂ ਕੀਰਤਨ ਪ੍ਰੰਪਰਾ ਤੋਰੀ। ਪ੍ਰੋ: ਗੁਰਨਾਮ ਸਿੰਘ ਦੇ ਜਥੇ ਨੇ ਬਸੰਤ ਰਾਗ ਦੀ ਰੁੱਤ ਕਲੀਨ ਦੀ ਚੌਕੀ ਲਾਈ। ਜਿਸ ਵਿਚ ਉਨ੍ਹਾਂ ਪੰਜ ਸ਼ਬਦ ਬਸੰਤ ਰਾਗ ਦੇ ਵਖ ਵਖ ਪ੍ਰਕਾਰਾਂ 'ਚ ਗਾਇਨ ਕੀਤੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਗੁਰੂ ਘਰ

ਦੇ ਤੰਤੀ ਸਾਜ਼ਾਂ ਦੀ ਇਸ ਕਿਰਿਆ ਨੂੰ ਕੀਰਤਨ ਦੀ ਪੁਨਰ ਸੁਜੀਤੀ ਦਾ ਪਹਿਲਾ ਪੜਾਅ ਸਮਝ ਲੈਣਾ ਚਾਹੀਦਾ ਹੈ। ਇਸ ਪ੍ਰੀਕਿਰਿਆ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ। ਬਸੰਤ ਰਾਗ ਮਾਘ ਦੀ ਸੰਗਰਾਂਦ ਤੋਂ ਅਰੰਭ ਹੋ ਕੇ ਹੋਲੇ ਮਹੱਲੇ ਤਕ ਚਲਦਾ ਹੈ। ਕੀਰਤਨ ਸਮੇਂ ਪ੍ਰੋ: ਗੁਰਨਾਮ ਸਿੰਘ ਨੇ ਸਵ੍ਰਮੰਡਲ, ਸ. ਅਮਨਦੀਪ ਸਿੰਘ ਨੇ ਤਾਊਸ, ਸ. ਮਨਪ੍ਰੀਤ ਸਿੰਘ ਤੇ ਸ. ਕੁਲਵਿੰਦਰ ਸਿੰਘ ਨੇ ਰਬਾਬ, ਡਾ. ਕੰਵਲਜੀਤ ਸਿੰਘ ਨੇ ਤੰਬੂਰਾ ਤੇ ਸ. ਮਨਜੀਤ ਸਿੰਘ ਨੇ ਦਿਲਰੁਬਾ, ਸ. ਸਤਨਾਮ ਸਿੰਘ ਨੇ ਇਸਰਾਜ, ਸ. ਰਘਬੀਰ ਸਿੰਘ ਨੇ ਤਬਲਾ ਸਾਜ਼ਾਂ ਨਾਲ ਕੀਰਤਨ ਕੀਤਾ।

ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਇਹ ਇਤਿਹਾਸਕ ਤੇ ਯਾਦਗਾਰੀ ਸਮਾਂ ਹੈ ਕਿ ਉਹ ਸਾਰੇ ਤੰਤੀ ਸਾਜ਼ ਅੱਜ ਕੀਰਤਨ ਕਰਨ ਸਮੇਂ ਵਰਤੇ ਗਏ ਹਨ। ਉਨ੍ਹਾਂ ਕਿਹਾ ਕਿ ਪ੍ਰੋ: ਗੁਰਨਾਮ ਸਿੰਘ ਦਾ ਚੰਗਾ ਉਪਰਾਲਾ ਹੈ ਕਿ ਪੰਜਾਬੀ ਯੂਨੀਵਰਸਿਟੀ ਨੇ ਗੁਰਮਤਿ ਸੰਗੀਤ ਇਕ ਸਬਜੈਕਟ ਵਜੋਂ ਕਾਲਜਾਂ ਵਿਚ ਚਾਲੂ ਕੀਤਾ ਹੈ। ਡਾ. ਗੁਰਨਾਮ ਸਿੰਘ ਨੇ ਕਈ ਸਾਲਾਂ ਦੀ ਮਿਹਨਤ ਕਰਕੇ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਤੇ ਰਾਗ ਪ੍ਰਕਾਰਾਂ ਵਿਚ ਸ਼ਬਦਾਂ ਦੀਆਂ ਰਚਨਾਵਾਂ ਤਿਆਰ ਕੀਤੀਆਂ ਜਿਸ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਪੁਸਤਕ ਵੀ ਛਾਪੀ ਗਈ ਹੈ।

ਉਨ੍ਹਾਂ ਦਸਿਆ ਕਿ ਭਾਈ ਨਰਿੰਦਰ ਸਿੰਘ ਬਨਾਰਸ ਵਾਲੇ, ਭਾਈ ਗੁਰਮੀਤ ਸਿੰਘ ਸ਼ਾਂਤ, ਭਾਈ ਅਮਰੀਕ ਸਿੰਘ ਜਖ਼ਮੀ ਜਲੰਧਰ ਵਾਲੇ ਤੰਤੀ ਸਾਜ਼ਾਂ ਨਾਲ ਹੀ ਗੁਰੂ ਦਰਬਾਰ ਵਿਚ ਕੀਰਤਨ ਰਾਹੀਂ ਹਾਜ਼ਰੀ ਲਵਾਉਣਗੇ। ਸ. ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਤੰਤੀ ਸਾਜ਼ਾਂ ਦੇ ਸ਼ਾਜ਼ਿੰਦੇ ਭਰਤੀ ਕਰਨ ਲਈ ਮੈਨੇਜਰ ਸ੍ਰੀ ਹਰਿਮੰਦਰ ਸਾਹਿਬ ਨੂੰ ਆਦੇਸ਼ ਜਾਰੀ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸਾਜ਼ਿੰਦੇ ਭਰਤੀ ਕਰਨ ਲਈ ਅਖ਼ਬਾਰਾਂ ਵਿਚ ਬਾਕਾਇਦਾ ਤੌਰ 'ਤੇ ਇਸ਼ਤਿਹਾਰ ਪ੍ਰਕਾਸ਼ਿਤ ਕੀਤੇ ਜਾਣਗੇ।

*(ਪੱਤ੍ਰਿਕਾ 'ਗੁਰਦੁਆਰਾ ਗਜ਼ਟ' ਵਿਚੋਂ ਧੰਨਵਾਦ ਸਹਿਤ)*

# ਰਾਗ ਵਿਵਰਨ- ਰਾਗੁ ਸੋਰਠਿ

ਪ੍ਰੋ: ਕਰਤਾਰ ਸਿੰਘ

ਰਾਗੁ ਸੋਰਠਿ ਦਾ ਵਰਨਣ ਕੁਝ ਸੰਗੀਤ ਗ੍ਰੰਥਾਂ ਵਿਚ ਇਸ ਪ੍ਰਕਾਰ ਮਿਲਦਾ ਹੈ। ਪੰਡਿਤ ਅੱਪਾ ਤੁਲਸੀ ਦੁਆਰਾ ਰਚਿਤ ਗ੍ਰੰਥ 'ਰਾਗ ਕੁਲਪਦੁਰਮਾਂਕਰੋ' ਦੇ ਸ਼ਲੋਕ ਨੰਬਰ ੮੯ ਅਨੁਸਾਰ ਇਸ ਵਿਚ ਰਿਸ਼ਭ, ਗੰਧਾਰ, ਧੈਵਤ ਸਵਰ ਤੀਵਰ ਲਗਦੇ ਹਨ, ਮਧਿਅਮ ਕੋਮਲ ਹੈ ਤੇ ਦੋਨੋਂ ਨਿਸ਼ਾਦਾਂ ਦਾ ਪ੍ਰਯੋਗ ਹੁੰਦਾ ਹੈ। ਰਿਸ਼ਭ ਤੇ ਧੈਵਤ ਦਾ ਵਾਦੀ ਸੰਵਾਦੀ ਰੂਪ ਵਿਚ ਪ੍ਰਯੋਗ ਹੁੰਦਾ ਹੈ। ਅਰੋਹ ਵਿਚ ਧੈਵਤ ਤੇ ਗੰਧਾਰ ਵਰਜਿਤ ਹਨ। ਇਸ ਦੇ ਗਾਇਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹ। ਇਸ ਗ੍ਰੰਥ ਵਿਚ ਹੀ ਰਾਗਾਂ ਦੇ ਸੰਖੇਪ ਵਰਗੀਕਰਣ ਵਿਚ ਕਰਤਾ ਨੇ ਸਲੋਕ ਨੰ: ੪ ਵਿਚ 'ਖਮਾਜਾਮਿਧਮੇਲਕੇ ਸੁਮਧਰਾ ਝੰਝੁਟਿਕਾ ਸੋਰਟੀ' ਦਾ ਵਰਨਣ ਕੀਤਾ ਹੈ। ਸੋਰਟ ਨੂੰ ਖਮਾਜ ਮੇਲ ਦਾ ਰਾਗ ਮੰਨਿਆ ਹੈ। ਪੰਡਿਤ ਅੱਪਾ ਤੁਲਸੀ ਦੁਆਰਾ ਹੀ ਰਚਿਤ 'ਰਾਗ ਚੰਦ੍ਰਿਕਾ ਸਾਰ' ਦੇ ਸਲੋਕ ਨੰ ੮੮ ਅਨੁਸਾਰ ਜਿਸ ਵਿਚ ਦੋਨੋਂ ਨਿਸ਼ਾਦ ਤੇ ਕੋਮਲ ਮਧਿਅਮ ਲਗਦਾ ਹੋਵੇ ਆਰੋਹ ਵਿਚ ਧ ਗ ਵਰਜਿਤ ਹੋਣ ਅਤੇ ਜਿਸ ਵਿਚ ਪ-ਰ ਸੰਵਾਦੀ ਤੇ ਵਾਦੀ ਹੋਵੇ ਉਸਨੂੰ ਸੋਰਠ ਰਾਗ ਕਿਹਾ ਜਾਂਦਾ ਹੈ। ਪੰਡਿਤ ਭਾਤਖੰਡੇ ਦੇ ਗ੍ਰੰਥ 'ਅਭਿਨਵ ਰਾਗ ਮੰਜਰੀ' ਦੇ ਸਲੋਕ ਨੰ ੬੬ ਅਨੁਸਾਰ ਸੋਰਟ ਦਾ ਉਠਾਵ ਰ ਮ, ਪ ਨ ਸਂ, ਨੁ ਧ, ਮ ਪ ਧ ਮ ਰ ਹੈ। ਇਸ ਨੂੰ ਰਾਤ ਦੇ ਸਮੇਂ ਗਾਇਆ ਜਾਂਦਾ ਹੈ ਤੇ ਰਿਸ਼ਭ ਸਵਰ ਵਾਦੀ ਹੈ। ਲੋਚਨ ਪੰਡਿਤ ਨੇ 'ਰਾਗਤਰੰਗਣੀ' (੧੫ਵੀਂ ਸ਼ਤਾਬਦੀ) ੧੨ ਥਾਟਾਂ ਤੋਂ ੭੫ ਜਨਯ ਰਾਗਾਂ ਦੀ ਉਤਪਤੀ ਮੰਨੀ ਹੈ ਤੇ ਕਰਣਾਟ ਠਾਠ ਤੋਂ ਸੋਰਠ ਨੂੰ ਜਨਯ ਰਾਗ ਮੰਨਿਆ ਹੈ। ਪਟਨਾ ਦੇ ਮੁਹੰਮਦ ਰਜ਼ਾ ਨੇ 'ਨਗਮਾਤੇ ਆਸਫੀ' (੧੮੧੩) ਵਿਚ ੬ ਰਾਗ ਤੇ ੩੬ ਰਾਗਨੀਆਂ ਦੇ ਸਿਧਾਂਤ ਨੂੰ ਮੰਨਦਿਆਂ ਹੋਇਆਂ ਮੇਘ ਰਾਗ ਦੀ ਸੋਰਫ ਰਾਗਨੀਂ ਮੰਨੀ ਹੈ।

ਰਾਗ ਸੋਰਠਿ ਹਿੰਦੁਸਤਾਨੀ ਸੰਗੀਤ ਪੱਧਤੀ ਦੇ ਪ੍ਰਚਲਿਤ ਰਾਗਾਂ ਦੀ ਗਨਣਾ ਵਿਚ ਨਹੀਂ ਹੈ। ਭਾਵੇਂ ਇਹ ਰਾਗ ਕਠਿਨ ਰਾਗਾਂ ਦੀ ਸ਼੍ਰੇਣੀ ਵਿਚ ਤਾਂ ਨਹੀਂ ਮੰਨਿਆ ਜਾ ਸਕਦਾ ਪਰ ਇਸ ਦੇ ਨਿਕਟਵਰਤੀ ਰਾਗ ਦੇਸ਼ ਹੀ ਜ਼ਿਆਦਾ ਪ੍ਰਚਲਿਤ ਤੇ ਮਕਬੂਲ ਮੰਨਿਆ ਜਾਂਦਾ ਹੈ। ਪੰਡਿਤ ਭਾਤਖੰਡੇ ਜੀ ਨੇ ਆਪਣੇ ਗ੍ਰੰਥ 'ਕ੍ਰਮਿਕ ਪੁਸਤਕ ਮਾਲਿਕਾ' ਦੇ ਪੰਜਵੇਂ ਭਾਗ ਵਿਚ ਰਾਗ ਸੋਰਠ ਨੂੰ ਖਮਾਜ ਥਾਟ ਦਾ ਔੜਵ ਸੰਪੂਰਨ ਜਾਤੀ ਦਾ ਰਾਗ ਮੰਨਿਆ ਹੈ। ਆਰੋਹ ਵਿਚ ਗੰਧਾਰ ਤੇ ਧੈਵਤ ਵਰਜਿਤ ਹਨ ਤੇ ਮਧਿਅਮ ਤੋਂ ਰਿਸ਼ਭ ਨੂੰ ਅਵਰੋਹ ਕ੍ਰਮ ਵਿਚ ਮੀਂਡ ਦੁਆਰਾ ਲਿਆ ਜਾਂਦਾ ਹੈ। ਧ ਮ ਰ ਨੂੰ ਵੀ ਮੀਂਡ ਦੁਆਰਾ ਹੀ ਲਿਆ ਜਾਂਦਾ ਹੈ। ਵੈਸੇ ਉਨ੍ਹਾਂ ਨੇ ਕੁਝ ਬੰਦਸ਼ਾਂ ਵਿਚ ਗੰਧਾਰ ਦਾ ਸਪਸ਼ਟ ਰੂਪ ਵਿਚ ਵੀ ਪ੍ਰਯੋਗ ਕੀਤਾ ਹੈ ਤੇ ਦੋ ਬੰਦਸ਼ਾਂ ਵਿਚ ਗੰਧਾਰ ਕੋਮਲ ਦਾ ਪ੍ਰਯੋਗ ਤਾਰ ਸਪਤਕ ਵਿਚ ਵੀ ਕੀਤਾ ਹੈ। ਵਾਦੀ ਰਿਸ਼ਭ ਤੇ ਸੰਵਾਦੀ ਧੈਵਤ ਹੈ। ਗਾਇਣ ਸਮਾਂ ਰਾਤ ਦਾ ਦੂਜਾ ਪਹਿਰ ਹੈ। ਆਰੋਹ- ਸ ਰ, ਮ ਪ ਨ, ਸਂ ਅਵਰੋਹ- ਸਂ, ਰਂ, ਨੁ ਧ, ਮ ਪ ਧ, ਮਰ ਨ, ਸ ਇਸ ਪ੍ਰਕਾਰ ਹੈ। 'ਰਾਗ ਵਿਆਕਰਨ' ਦੇ ਕਰਤਾ ਵਿਮਲਾਕਾਂਤ ਰਾਏ ਚੌਧਰੀ ਨੇ ਰਾਗ ਸੁਰਟ ਦਾ ਆਰੋਹ ਐਸਾ ਹੀ ਮੰਨਿਆ ਹੈ ਤੇ ਅਵਰੋਹ ਗੰਧਾਰ ਦੇ ਪ੍ਰਯੋਗ ਨਾਲ ਵੀ ਸਂ ਨੁ ਧ ਪ ਮ ਰ ਗ ਰ ਸ ਹੈ ਤੇ ਗੰਧਾਰ ਨੂੰ ਵਰਜਿਤ ਕਰਕੇ ਵੀ ਸਂ ਨੁ ਧ ਪ ਮ ਰ, ਸ ਤੇ ਵਕਰ ਰੂਪ ਵਿਚ ਰ ਗ ਸ ਵੀ ਦਿੱਤਾ ਹੈ। ਉਨ੍ਹਾਂ ਇਕ ਸੋਰਠੀ ਰਾਗ, ਆਰੋਹ-ਸ ਮ ਗ ਮ ਪ ਨ ਸਂ ਅਵਰੋਹ-ਸਂ ਨੁ ਧੁ ਪ ਮ ਗ ਮ ਰੁ ਸ ਵੀ ਦਿੱਤਾ ਹੈ ਜੋ ਭਿੰਨ ਹੈ। 'ਅਭਿਨਵ ਗੀਤ ਮੰਜਰੀ' ਤੇ ਕਰਤਾ ਸ੍ਰੀ ਕ੍ਰਿਸ਼ਨ ਨਾਰਾਇਣ ਰਤੰਜਨਕਰ ਨੇ ਵੀ ਆਪਣੀਆਂ ਬੰਦਸ਼ਾਂ ਵਿਚ ਪੰਡਿਤ ਭਾਤਖੰਡੇ ਵਾਲਾ ਸਰੂਪ ਹੀ ਦਿੱਤਾ ਹੈ। ਪਰ ਕੁਝ ਬੰਦਸ਼ਾਂ ਵਿਚ ਨਿਸ਼ਾਦ ਕੋਮਲ ਦਾ ਪ੍ਰਯੋਗ ਕਿਤੇ ਕਿਤੇ ਆਰੋਹ ਵਿਚ ਵੀ ਕੀਤਾ ਹੈ ਤੇ ਗੰਧਾਰ ਕੋਮਲ ਵੀ ਰ ਗੁ ਸ ਰ ਦੇ ਰੂਪ ਵਿਚ ਵੀ ਕੀਤਾ ਹੈ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਸ੍ਰੀਮਾਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੀ 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਪੰਨਾ ੨੫ ਅਨੁਸਾਰ ਸੋਰਠਿ ਮੇਘ ਦੀ ਰਾਗਣੀ ਹੈ ਤੇ ਰਾਗ ਮਾਲਾ ਅਨੁਸਾਰ ਵੀ 'ਸੋਰਠਿ ਗੋਂਡ ਮਲਾਰੀ ਧੁਨੀ' ਮੇਘ ਰਾਗ ਦੀ ਰਾਗਨੀ ਹੈ। ਸਿੰਧਵੀ, ਕਾਨੜਾ, ਕਾਫੀ, ਮਲਾਰ ਦੇ ਮੇਲ ਨਾਲ ਸਰਠਿ ਬਣਦੀ ਹੈ। ਪ੍ਰੰਤੂ ਹੋਰਨਾਂ ਮਤਾਂਵਿਚ ਨਟ ਨਰਾਇਣ ਦੀ ਰਾਗਣੀ ਲਿਖੀ ਹੈ। 'ਸੁਰ ਤਾਲ ਸਮੂਹ' ਵਿਚ ਭੈਰਵ ਦੀ

ਨੂੰਹ ਕਰਕੇ ਲਿਖੀ ਹੈ। ਹਨੂਮਾਨ ਮੱਤ ਵਿਚ ਸੋਰਠੀ ਮੇਘ ਦੀ ਰਾਗਣੀ ਹੈ। ਸ੍ਰੀਮਾਨ ਭਾਈ ਸਹਿਬ ਡਾਕਟਰ ਚਰਨ ਸਿੰਘ ਦੀ 'ਗੁਰਮਤ ਸੰਗੀਤ ਪਰਹੁਣ ਤੀਕ ਮਿਲੀ ਖੋਜ' ਪੰਨਾ ੨੩ ਅਨੁਸਾਰ 'ਨਾਦ ਬਿਨੋਦ' ਵਿਚ ਮੇਘ ਰਾਗ ਦੀ ਰਾਗਨੀ ਸੋਰਠੀ ਹੈ। ਅੰਸ ਨਿਆਸ ਗ੍ਰਿਹ ਇਸ ਦਾ ਖਰਜ ਹੈ। ਪ੍ਰੰਤੂ 'ਰਾਧਾ ਗੋਬਿੰਦ ਸੰਗੀਤ ਸਾਰ' ਵਿਚ ਨਟ ਨਾਰਾਇਣ ਦੀ ਇਸਤਰੀ ਲਿਖੀ ਹੈ। ਇਸ ਦਾ ਨਾਉ ਸੌਰਾਸਟਰੀ ਵੀ ਕਹਿੰਦੇ ਹਨ। 'ਮਾਨ ਕੰਤੂਹਲ' ਵਿਚ ਲਿਖਿਆ ਹੈ ਬੰਗਲਾ, ਗੂਜਰੀ, ਪੰਚਮ, ਗੰਧਾਰ, ਭੈਰਵੀ ਇਹ ਸਭ ਮਿਲ ਕੇ ਸੋਰਠੀ ਬਣਦੀ ਹੈ। 'ਬੁਧ ਪ੍ਰਕਾਸ਼' ਵਿਚ ਮੇਘ ਦੀ ਇਸਤਰੀ ਕਰਕੇ ਲਿਖਿਆ ਹੈ। 'ਸੁਰ ਤਾਲ ਸਮੂਹ' ਵਿਚ ਭੈਰਵ ਦੀ ਨੂੰਹ ਕਰਕੇ ਲਿਖੀ ਹੈ। 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਸੋਰਠਿ ਰਾਗ ਦੇ ਸਰੂਪ ਵਿਚ ਜਾਤੀ ਔੜਵ ਸੰਪੂਰਨ ਦਿੱਤੀ ਹੈ। ਗੰਧਾਰ ਤੇ ਧੈਵਤ ਆਰੋਹ ਵਿਚ ਵਰਜਿਤ ਹਨ। ਆਰੋਹ ਵਿਚ ਨਿਸ਼ਾਦ ਸ਼ੁੱਧ ਅਵਰੋਹ ਵਿਚ ਕੋਮਲ ਨਿਸ਼ਾਦ ਹੈ। ਇਹ ਸਰੂਪ ਅੱਜ ਦੇ ਪ੍ਰਚਲਿਤ ਸਰੂਪ ਨਾਲ ਮਿਲਦਾ ਜੁਲਦਾ ਹੈ। ਡਾ. ਗੋਬਿੰਦ ਸਿੰਘ ਮਾਨਸੁਖਾਨੀ ਦੀ ਪੁਸਤਕ 'ਇੰਡੀਅਨ ਕਲਾਸੀਕਲ ਮਿਊਜ਼ਿਕ ਐਂਡ ਸਿੱਖ ਕੀਰਤਨ' ਵਿਚ ਰਾਗ ਸੋਰਠਿ ਦਾ ਅੱਜ ਦਾ ਪ੍ਰਚਲਤ ਸਰੂਪ ਖਮਾਜ ਥਾਟ ਦਾ ਔੜਵ ਸੰਪੂਰਨ ਜਾਤੀ ਦਾ ਹੀ ਦਿੱਤਾ ਹੈ। ਤੇ ਇਸ ਨੂੰ ਰਾਤ ਦੇ ਦੂਜੇ ਪਹਿਰ ਗਾਇਆ ਜਾਂਦਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ 'ਦਾ ਐਨਸਾਈਕਲੋਪੀਡੀਆ ਆਫ ਸਿੱਖਇਜ਼ਮ' ਵੋ-੨ ਪੰਨਾ ੧੭੨ ਅਨੁਸਾਰ ਰਾਗਮਾਲਾ ਵਿਚ ਰਾਗ ਸੋਰਠਿ ਨੂੰ ਮੇਘ ਰਾਗ ਦੀ ਰਾਗਨੀ ਮੰਨਿਆ ਹੈ ਤੇ ਅੱਜ ਇਹ ਖਮਾਜ ਥਾਟ ਦਾ ਰਾਗ ਮੰਨਿਆ ਜਾਂਦਾ ਹੈ। ਇਹ ਚੰਚਲ ਪ੍ਰਕ੍ਰਿਤੀ ਦਾ ਰਾਗ ਹੈ ਤੇ ਰਾਗ ਦੇਸ ਨਾਲ ਮਿਲਦਾ ਜੁਲਦਾ ਹੈ। ਇਸ ਰਾਗ ਦੇ ਪ੍ਰਭਾਵ ਨਾਲ ਡਰ ਦੂਰ ਹੋ ਜਾਂਦੇ ਹਨ ਤੇ ਖੁਸ਼ੀ ਦੀ ਪ੍ਰਾਪਤੀ ਹੁੰਦੀ ਹੈ। ਵਾਦੀ ਰਿਸ਼ਭ ਤੇ ਸੰਵਾਦੀ ਧੈਵਤ ਹੈ। ਆਰੋਹ-ਸ ਰ ਮ ਪ ਨ ਸਂ। ਅਵਰੋਹ-ਸਂ ਰਂ ਨੁ ਧ, ਮ ਪ ਧ ਮ ਗ ਰ ਨ ਸ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰ ਸਰਦਾਰ ਗਿਆਨ ਸਿੰਘ ਐਬਟਾਬਾਦ, ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ, ਪ੍ਰੋਫੈਸਰ ਤਾਰਾ ਸਿੰਘ, ਸੰਤ ਸਰਵਨ ਸਿੰਘ ਗੰਧਰਵ, ਪ੍ਰਿੰ: ਦਿਆਲ ਸਿੰਘ, ਡਾਕਟਰ ਗੁਰਨਾਮ ਸਿੰਘ ਤੇ 'ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ ਜਵੱਦੀ ਟਕਸਾਲ' ਤੇ ਹੋਰ ਵੀ ਗੁਣੀ ਜਨ ਰਾਗ ਸੋਰਠਿ ਦੇ ਸਰੂਪ ਬਾਰੇ ਇਕਮਤ ਹਨ। ਗੁਰਮਤਿ ਸੰਗੀਤ ਵਿਚ ਰਾਗ ਸੋਰਠਿ ਪ੍ਰਚਲਿਤ ਰਾਗਾਂ ਦੀ ਗਨਣਾ ਵਿਚ ਆਉਂਦਾ ਹੈ। ਗੰਧਾਰ ਦਾ ਪ੍ਰਯੋਗ ਅਵਰੋਹ ਵਿਚ ਮੀਂਡ ਦੁਆਰਾ ਹੀ ਮ ਰ ਕੀਤਾ ਜਾਂਦਾ ਹੈ। ਵੈਸੇ ਰਾਗ ਦੇਸ਼ ਦਾ ਚਲਨ ਰਾਗ ਸੋਰਠਿ ਨਾਲ ਬਹੁਤ ਮਿਲਦਾ ਜੁਲਦਾ ਹੈ। ਦੇਸ ਵਿਚ ਗੰਧਾਰ ਦਾ ਪ੍ਰਯੋਗ ਅਵਰੋਹ ਵਿਚ ਸਪਸ਼ਟ ਰੂਪ ਵਿਚ ਲਿਆ ਜਾਂਦਾ ਹੈ, ਪਰ ਸੋਰਠਿ ਵਿਚ ਮੀਂਡ ਨਾਲ ਲਿਆ ਜਾਂਦਾ ਹੈ। ਰਾਗ ਸੋਰਠਿ ਵਿਚ ਧੈਵਤ ਤੋਂ ਮਧਿਅਮ ਤਕ ਵੀ ਮੀਂਡ ਦੁਆਰਾ ਹੀ ਧ ਮ ਰ ਲੈਣ ਨਾਲ ਇਸ ਰਾਗ ਦਾ ਸਰੂਪ ਹੋਰ ਜ਼ਿਆਦਾ ਖਿਲਦਾ ਹੈ। ਇਹ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ। ਸੋ ਪ੍ਰਮਾਣਿਕ ਤੱਥਾਂ ਦੇ ਅਧਾਰ ਤੇ ਰਾਗ ਸੋਰਠਿ ਦੇ ਇਸ ਪ੍ਰੰਪਰਾਗਤ ਸਰੂਪ ਨੂੰ ਨਿਸਚਿਤ ਰੂਪ ਵਿਚ ਪ੍ਰਵਾਣਿਤ ਮੰਨ ਕੇ ਇਥੇ ਵੀ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

*'ਗੁਰਮਤਿ ਸੰਗੀਤ ਦਰਪਣ' 'ਚੋਂ ਧੰਨਵਾਦ ਸਹਿਤ*

# ਪ੍ਰਸਿੱਧ ਰਾਗੀ ਭਾਈ ਚਰਨਜੀਤ ਸਿੰਘ ਮਲੇਸ਼ੀਆ ਵਾਲੇ ਅਤੇ ਭਾਈ ਚਰਨਜੀਤ ਸਿੰਘ ਮਲੋਟ ਵਾਲੇ

ਮੰਗਤ ਸਿੰਘ ਮਸਤਾਨਾ

## ਪ੍ਰਸਿੱਧ ਰਾਗੀ ਭਾਈ ਚਰਨਜੀਤ ਸਿੰਘ ਮਲੇਸ਼ੀਆ ਵਾਲੇ

ਗੁਰਬਾਣੀ ਦੇ ਕਥਨ 'ਜੈਸੋ ਗੁਰੂ ਉਪਦੇਸਿਆ ਮੈ ਤੈਸਾ ਕਹਿਆ ਪੁਕਾਰ' ਦੇ ਮੁਤਾਬਕ ਕੀਰਤਨ ਕਰਨ ਵਾਲੇ ਭਾਈ ਚਰਨਜੀਤ ਸਿੰਘ ਜੀ ਪਿੰਡ ਘੁਮਿਆਰਾ ਦੇ ਪ੍ਰਸਿਧ ਵਿਦਵਾਨ ਗਿਆਨੀ ਰੂਪ ਸਿੰਘ ਰਸੀਲਾ ਦੇ ਸਪੁਤਰ ਹਨ। ਜਿਨ੍ਹਾਂ ਨੇ ਮਲੋਟ ਦੇ ਪ੍ਰਸਿਧ ਉਸਤਾਦ ਰਾਗੀ ਪ੍ਰੋਫੈਸਰ ਮੰਗਤ ਸਿੰਘ ਮਸਤਾਨਾ ਪਾਸੋਂ ਸ਼ਬਦ ਕੀਰਤਨ ਸਿੱਖਿਆ, ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਸੰਗੀਤ ਵਿਸ਼ਾਰਦ ਦਾ ਡਿਪਲੋਮਾ ਹਾਸਲ ਕੀਤਾ।

ਆਲ ਇੰਡੀਆ ਰੇਡੀਓ ਬਠਿੰਡਾ ਤੋਂ ਬਹੁਤ ਵਾਰੀ ਸ਼ਬਦ ਕੀਰਤਨ ਦਾ ਪ੍ਰੋਗਰਾਮ ਪੇਸ਼ ਕੀਤਾ। ਬਠਿੰਡਾ ਦੇ ਪ੍ਰਸਿੱਧ ਰਾਗੀ ਭਾਈ ਜਸਵੰਤ ਸਿੰਘ ਇੰਗਲੈਂਡ ਵਾਲਿਆਂ ਪਾਸੋਂ ਤਬਲੇ ਦੀ ਸਿੱਖਿਆ ਪ੍ਰਾਪਤ ਕੀਤੀ। ਮਸਤਾਨਾ ਜੀ ਦੇ ਨਾਲ 2-3 ਸਾਲ ਤਬਲੇ ਦੀ ਸੰਗਤ ਕੀਤੀ। ਗੁਰਦੁਆਰਾ ਗੁਰੂ ਨਾਨਕ ਨਗਰੀ ਮਲੋਟ ਵਿਖੇ 9-10 ਸਾਲ ਸ਼ਬਦ ਕੀਰਤਨ ਦੀ ਸੇਵਾ ਨਿਭਾਈ, ਤਬਲੇ ਦਾ ਸਾਥ ਗਿਆਨੀ ਕਰਨ ਸਿੰਘ ਜੀ ਹੰਸ ਨੇ ਦਿੱਤਾ ਸੀ। ਭਾਈ ਚਰਨਜੀਤ ਸਿੰਘ ਜੀ ਬੰਬੇ ਕਲਕੱਤੇ ਤੋਂ ਇਲਾਵਾ ਸਿੰਘਾਪੁਰ ਮਲੇਸ਼ੀਆ ਆਦਿ ਦੇਸ਼ਾਂ ਵਿਚ ਸ਼ਬਦ ਕੀਰਤਨ ਦੀ ਸੇਵਾ ਕਰ ਚੁੱਕੇ ਹਨ। ਭਾਈ ਸਾਹਿਬ ਨੂੰ ਇੰਡੀਆ ਤੋਂ ਇਲਾਵਾ ਬਾਹਰਲੇ ਦੇਸ਼ਾਂ ਵਿਚ ਬਹੁਤ ਸਾਰੇ ਮਾਨ ਸਨਮਾਨ ਹਾਸਲ ਹੋਏ। ਕਿਉਂਕਿ ਉਨ੍ਹਾਂ ਨੇ ਬਚਪਨ ਵਿਚ ਵੀ ਸਕੂਲ ਦੇ ਸਭਿਆਚਾਰਕ ਪ੍ਰੋਗਰਾਮਾਂ ਵਿਚ ਭਾਗ ਲੈ ਕੇ ਮਾਨ ਸਨਮਾਨ ਪ੍ਰਾਪਤ ਕੀਤੇ।

ਭਾਈ ਸਹਿਬ ਜੀ ਉਸਤਾਦ ਲੋਕਾਂ ਦੀ ਬਹੁਤ ਕਦਰ ਕਰਦੇ ਹਨ। ਭਾਈ ਹਰਜਿੰਦਰ ਸਿੰਘ, ਸੰਤ ਅਨੂਪ ਸਿੰਘ ਜੀ, ਭਾਈ ਨਿਰੰਜਨ ਸਿੰਘ ਜਵੱਦੀ ਕਲਾਂ ਅਤੇ ਗਜ਼ਲਾਂ ਦੇ ਬਾਦਸ਼ਾਹ ਗੁਲਾਮ ਅਲੀ ਤੇ ਸ੍ਰੀ ਨੁਸਰਤ ਫਤਹਿ ਅਲੀ ਖਾਨ ਆਦਿਕ ਤੋਂ ਭਾਈ ਸਹਿਬ ਜੀ ਬਹੁਤ ਹੀ ਪ੍ਰਭਾਵਿਤ ਹੋਏ। ਭਾਈ ਪ੍ਰਿਤਪਾਲ ਸਿੰਘ ਜੀ ਖਾਲਸਾ ਦੀਆਂ 2 ਕੈਸਟਾਂ 'ਜਿਥੇ ਬਾਬਾ ਪੈਰ ਧਰੇ' ਅਤੇ 'ਸਜਨ ਮੇਰੇ ਰੰਗਲੇ' ਵਿਚ ਭਾਈ ਸਾਹਿਬ ਜੀ ਨੇ ਆਪਨਾ ਸੰਗੀਤ ਦਿੱਤਾ ਹੈ ਜੋ ਕਿ ਆਡੀਓ ਟੱਚ ਕੰਪਨੀ ਦੀਆਂ ਕੈਸਟਾਂ ਹਨ। ਜਲਦੀ ਹੀ ਭਾਈ ਸਾਹਿਬ ਜੀ ਸ਼ਬਦ ਕੀਰਤਨ ਦੀ ਕੈਸਟ ਕਰਵਾ ਰਹੇ ਹਨ।

## ਪ੍ਰਸਿੱਧ ਤਬਲਾ ਵਾਦਕ ਭਾਈ ਚਰਨਜੀਤ ਸਿੰਘ ਜੀ ਮਲੋਟ ਵਾਲੇ

ਮਲੋਟ ਦੇ ਜੰਮਪਲ ਭਾਈ ਚਰਨਜੀਤ ਸਿੰਘ ਨੇ ਸਿੱਖ ਸ਼ਹੀਦ ਮਿਸ਼ਨਰੀ ਕਾਲਜ ਪਿੰਡ ਬਾਦੀਆਂ (ਮੁਕਤਸਰ) ਵਿਖੇ ਭਾਈ ਸੁਖਰਾਜ ਸਿੰਘ ਤਬਲਾ ਵਾਦਕ ਪਾਸੋਂ ਤਬਲਾ ਸਿੱਖਣਾ ਅਰੰਭ ਕੀਤਾ, ਉਸ ਤੋਂ ਉਪਰੰਤ ਮਲੋਟ ਦੇ ਪ੍ਰਸਿੱਧ ਰਾਗੀ ਐਮ ਐਸ ਮਸਤਾਨਾ ਪਾਸੋਂ ਸ਼ਬਦ ਕੀਰਤਨ ਸਿੱਖਿਆ।

ਕੁਝ ਸਮੇਂ ਦੇ ਬਾਅਦ ਗੁਰਦੁਆਰਾ ਭਾਈ ਜਗਤਾ ਜੀ ਵਿਖੇ ਰਹਿਣ ਦਾ ਮੌਕਾ ਮਿਲਿਆ। ਸੰਤ ਭਾਈ ਧਰਮ ਸਿੰਘ ਜੀ ਮੁਖ ਸੇਵਾਦਾਰ ਗੁਰਦੁਆਰਾ ਜਗਤਾ ਜੀ (ਜੋ ਕਿ ਸ਼ਬਦ ਕੀਰਤਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਅਤੇ ਸੂਰਜ ਪ੍ਰਕਾਸ਼ ਗ੍ਰੰਥ ਦੀ ਕਥਾ ਦੇ ਮਾਹਰ ਹਨ। ਜਿਨ੍ਹਾਂ ਦੀ ਜ਼ੁਬਾਨ ਵਿਚ ਬਹੁਤ ਰਸ ਹੈ) ਜੀ ਪਾਸੋਂ ਬਹੁਤ ਹੀ ਲਗਨ ਨਾਲ ਤਬਲਾ ਸਿੱਖਿਆ ਅਤੇ ਅੱਜ ਕਲ੍ਹ ਗੁਰਦੁਆਰਾ ਭਾਈ ਜਗਤਾ ਜੀ ਮਲੋਟ ਵਿਖੇ ਤਬਲੇ 'ਚ ਸੇਵਾ ਨਿਭਾ ਰਹੇ ਹਨ।

ਭਾਈ ਸਾਹਿਬ ਜੀ ਇਮਾਨਦਾਰ ਅਤੇ ਮਿਲਣਸਾਰ ਵਿਅਕਤੀ ਹਨ, ਭਾਈ ਸਾਹਿਬ ਜੀ ਨੂੰ ਬਹੁਤ ਸਾਰੇ ਰਾਗੀ ਆਪਣੇ ਨਾਲ ਤਬਲੇ ਵਾਸਤੇ ਰੱਖਣਾ ਚਾਹੁੰਦੇ ਹਨ ਪਰ ਆਪਣੀ ਮਰਜ਼ੀ ਮੁਤਾਬਕ ਗੁਰਦੁਆਰਾ ਭਾਈ ਜਗਤਾ ਜੀ ਵਿਖੇ ਰਹਿ ਕੇ ਸੇਵਾ ਨਿਭਾ ਰਹੇ ਹਨ। ਪ੍ਰਮਾਤਮਾ ਇਨ੍ਹਾਂ ਨੂੰ ਹੋਰ ਵੀ ਚੜ੍ਹਦੀ ਕਲਾ ਬਖਸ਼ੇ ਤਾਂ ਕਿ ਇਸੇ ਤਰ੍ਹਾਂ ਸਿੱਖ ਜਗਤ ਦੀ ਸੇਵਾ ਕਰ ਸਕਣ।

*ਸੰਗਮ ਰੇਡੀਓ ਔਰ ਟੀਵੀ ਕਾਲਜ (ਰਜਿ)*
*ਜੀ ਟੀ ਰੋਡ, ਮਲੋਟ*

# ਪ੍ਰਸਿਧ ਰਾਗੀ ਤੇ ਢਾਡੀ ਬਲਬੀਰ ਸਿੰਘ ਲਹਿਰੀ

## ਐਮ. ਐਸ. ਸਚਦੇਵਾ

ਗੁਰਬਾਣੀ ਦੇ ਪਾਵਨ ਫਰਮਾਨ *'ਹਮ ਢਾਡੀ ਹਰਿ ਪ੍ਰਭ ਖਸਮ ਕੇ ਨਿਤ ਗਾਵੈ ਹਰਿਗੁਣ ਛੰਤਾ'* ਅਤੇ *ਜੈਸੋ ਗੁਰ ਉਪਦੇਸਿਆ ਮੈ ਤੈਸੋ ਕਹਿਆ ਪੁਕਾਰ* ਦੇ ਕਥਨ ਦੇ ਮੁਤਾਬਕ ਕੀਰਤਨ ਕਰਨ ਵਾਲੇ ਭਾਈ ਬਲਬੀਰ ਸਿੰਘ ਜੀ ਲਹਿਰੀ ਪਿੰਡ ਭਾਗ ਸਿੰਘ ਵਾਲਾ ਨੇੜੇ ਸਾਦਿਕ (ਫਿਰੋਜ਼ਪੁਰ) ਦੇ ਜੰਮਪਲ ਹਨ। ਭਾਈ ਸਾਹਿਬ ਜੀ ਦੇ ਪਿਤਾ ਸ. ਠਾਣਾ ਸਿੰਘ ਜੀ ਮਸਕੀਨ ਇਕ ਉਚ ਕੋਟੀ ਦੇ ਲਿਖਾਰੀ ਹਨ। ਉਨ੍ਹਾਂ ਨੂੰ ਬਹੁਤ ਸਾਰੇ ਸਨਮਾਨ ਪ੍ਰਾਪਤ ਹੋਏ ਹਨ। ਮਸਕੀਨ ਜੀ ਪੰਜਾਬੀ ਦੇ ਮਸ਼ਹੂਰ ਗੀਤਕਾਰ ਸ. ਬਾਬੂ ਸਿੰਘ ਮਾਨ ਜੀ ਦੇ ਪਰਮ ਮਿੱਤਰ ਹਨ। ਲਹਿਰੀ ਸਾਹਿਬ ਜੀ ਨੂੰ ਧਾਰਮਿਕ ਗੀਤ ਲਿਖਣ ਅਤੇ ਗਾਉਣ ਦੀ ਪ੍ਰੇਰਨਾ ਆਪਣੇ ਪਿਤਾ ਜੀ ਪਾਸੋਂ ਪ੍ਰਾਪਤ ਹੋਈ। ਲਹਿਰੀ ਸਾਹਿਬ ਕਾਫੀ ਸਾਲ ਪਿੰਡ ਦਿਉਨਖੇੜਾ (ਮੁਕਤਸਰ) ਦੇ ਗੁਰਦੁਆਰਾ ਸਾਹਿਬ ਬਾਕਾਇਦਾ ਗ੍ਰੰਥੀ ਦੀ ਡਿਊਟੀ ਨਿਭਾਉਂਦੇ ਰਹੇ। ਭਾਈ ਸਾਹਿਬ ਜੀ ਨੇ ਗਿਆਨੀ ਹਰਬੰਸ ਸਿੰਘ ਜੀ ਹੰਸ ਸੰਗਰੂਰ ਵਾਲਿਆਂ ਨੂੰ ਸ਼ਬਦ ਕੀਰਤਨ ਦਾ ਉਸਤਾਦ ਧਾਰਿਆ ਅਤੇ ਮਲੋਟ ਦੇ ਪ੍ਰਸਿੱਧ ਰਾਗੀ ਪ੍ਰੋਫੈਸਰ ਮੰਗਤ ਸਿੰਘ ਮਸਤਾਨਾ ਜੀ ਪਾਸੋਂ ਲਗਾਤਾਰ ਡੇਢ ਸਾਲ ਸ਼ਬਦ ਕੀਰਤਨ ਦੀ ਬਾਕਾਇਦਾ ਸਿੱਖਿਆ ਹਾਸਲ ਕੀਤੀ।

ਗੁਰਦੁਆਰਾ ਗੁਰੂ ਨਾਨਕ ਦੇਵ ਮੁਹੱਲਾ ਕਰਨੈਲ ਸਿੰਘ ਮਲੋਟ ਵਿਖੇ ਭਾਈ ਸਾਹਿਬ ਜੀ ਨੇ 9 ਸਾਲ ਹੈੱਡ ਰਾਗੀ (ਗ੍ਰੰਥੀ) ਦੀ ਡਿਊਟੀ ਕੀਤੀ। ਸਭ ਤੋਂ ਪਹਿਲਾਂ ਡੇਰਾ ਬਾਬਾ ਦਿਆਲ ਦਾਸ ਪਿੰਡ ਲੁਬਾਣਿਆਂ ਵਾਲੀ ਜ਼ਿਲਾ ਫਿਰੋਜ਼ਪੁਰ ਵਿਖੇ ਰਹਿ ਕੇ ਗੁਰਬਾਣੀ ਅਤੇ ਵੈਦਕ ਦੀ ਸਿੱਖਿਆ ਪ੍ਰਾਪਤ ਕੀਤੀ। ਪਿੰਡ ਦਿਉਨਖੜਾ ਅਤੇ ਮਲੋਟ ਮੰਡੀ ਡਿਊਟੀ ਦੌਰਾਨ ਭਾਈ ਸਾਹਿਬ ਜੀ ਨੇ ਢਾਡੀ ਜਥਾ ਬਣਾ ਕੇ ਪ੍ਰਸਿਧ ਢਾਡੀ ਗਿਆਨੀ ਸੋਹਨ ਸਿੰਘ ਜੀ ਸੀਤਲ ਅਤੇ ਪ੍ਰਸਿਧ ਕਵੀਸ਼ਰ ਗਿਆਨੀ ਜੋਗਾ ਸਿੰਘ ਜੀ ਜੋਗੀ ਦੇ ਬਣਾਏ ਹੋਏ ਢਾਡੀ ਪ੍ਰਸੰਗਾਂ ਨੂੰ ਗਾਉਣਾ ਸ਼ੁਰੂ ਕੀਤਾ। ਪ੍ਰੋਫੈਸਰ ਮੋਹਨ ਸਿੰਘ ਜੀ ਦਾ ਪ੍ਰਸਿਧ ਗੀਤ 'ਸਿੱਖੀ ਦਾ ਬੂਟਾ' ਅਤੇ ਬਾਬੂ ਸਿੰਘ ਮਾਨ ਦਾ ਲਿਖਿਆ ਗੀਤ 'ਮੈਨੂੰ ਵਿਦਾ ਕਰੋ ਸਖੀਏ ਮੇਰੀ ਵਾਟ ਲੰਮੇਰੀ ਏ' ਗਾ ਕੇ ਪ੍ਰਸਿਧੀ ਹਾਸਲ ਕੀਤੀ। ਭਾਈ ਸਾਹਿਬ ਜੀ ਜ਼ਿਆਦਾ ਕੀਤਰਨ ਗੀਤਾਂ ਵਿਚ ਕਰਦੇ ਸਨ। ਰਾਗ ਬਾਰੇ ਵੀ ਜਾਣਕਾਰੀ ਰੱਖਦੇ ਹਨ ਅਤੇ ਵਿਆਖਿਆ ਵੀ ਬਹੁਤ ਸੋਹਣੇ ਢੰਗ ਨਾਲ ਕਰਦੇ ਹਨ। ਭਾਈ ਸਾਹਿਬ ਜੀ ਨੇ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਸੰਗੀਤ ਦਾ ਸੀਨੀਅਰ ਡਿਪਲੋਮਾ ਵੀ ਹਾਸਲ ਕੀਤਾ ਹੈ। ਭਾਈ ਸਾਹਿਬ ਜੀ ਬਹੁਤ ਮਿਲਣਸਾਰ ਵਿਅਕਤੀ ਹਨ। ਭਾਈ ਸਾਹਬ ਜੀ ਅੱਜ ਕਲ੍ਹ ਪਿੰਡ ਰੋੜਾਂਵਾਲੀ (ਮੁਕਤਸਰ) ਦੇ ਗੁਰਦੁਆਰਾ ਸਾਹਿਬ ਵਿਖੇ ਹੈਡ ਗ੍ਰੰਥੀ ਅਤੇ ਰਾਗੀ ਦੀ ਸੇਵਾ ਨਿਭਾ ਰਹੇ ਹਨ। ਲਹਿਰੀ ਸਾਹਿਬ ਨੇ ਗੁਰਬਾਣੀ ਦੀ ਕਥਾ ਗਿਆਨੀ ਹਰਮਿੰਦਰ ਸਿੰਘ ਜੀ ਖੁਰਾਣਾ ਪਾਸੋਂ ਸਿੱਖੀ। ਭਾਈ ਸਾਹਿਬ ਜੀ ਨਾਲ ਸੰਪਰਕ ਕਰਨ ਦੇ ਚਾਹਵਾਨ 01637-235706 ਅਤੇ 98724-15023 ਨੰਬਰ ਤੇ ਫੋਨ ਕਰ ਸਕਦੇ ਹਨ।

*ਸੰਗਮ ਰੇਡੀਓ ਐਂਡ ਟੀਵੀ ਕਾਲਜ, ਮਲੋਟ(ਮੁਕਤਸਰ)*

# ਰਬਾਬ ਦੀਆਂ ਧੁਨਾਂ ਲੋਪ ਹੋ ਰਹੀਆਂ ਹਨ : ਭਾਈ ਲਾਲ

ਭਾਈ ਮਰਦਾਨਾ ਦੀ ਰਬਾਬ ਦੀਆਂ ਧੁਨਾਂ ਅੱਜ ਗਰੀਬੀ ਕਾਰਨ ਲੋਪ ਹੁੰਦੀਆਂ ਜਾਪ ਰਹੀਆਂ ਹਨ। ਇਥੋਂ ਤਕ ਕਿ ਉਨ੍ਹਾਂ ਦੀ ਮੌਜੂਦਾ ਪੀੜ੍ਹੀ ਪੈਸੇ ਦੀ ਘਾਟ ਕਾਰਨ ਰਬਾਬ ਨਹੀਂ ਖਰੀਦ ਸਕਦੀ। ਹਾਲਾਂਕਿ ਇਹ ਪੀੜ੍ਹੀ ਰਬਾਬ ਦੀ ਰਵਾਇਤ ਜਾਰੀ ਰੱਖਣ ਦੀ ਚਾਹਵਾਨ ਹੈ। 17ਵੀਂ ਪੀੜ੍ਹੀ ਦੇ ਭਾਈ ਲਾਲ ਜੀ ਜਥੇ ਸਮੇਤ ਇਨ੍ਹੀਂ ਦਿਨੀਂ ਭਾਰਤ ਵਿਚ ਆਏ ਹੋਏ ਹਨ। ਉਨ੍ਹਾਂ ਦੀ ਰਬਾਬ ਨੂੰ ਜਾਰੀ ਰੱਖਣ ਦੀ ਇੱਛਾ ਪੂਰਤੀ ਲਈ ਹੁਣ ਚੰਡੀਗੜ੍ਹ ਦੇ ਇਕ ਸੱਜਣ ਉਨ੍ਹਾਂ ਨੂੰ ਰਬਾਬ ਭੇਟ ਕਰਨ ਜਾ ਰਹੇ ਹਨ।

ਪੰਜਾਬੀ ਟ੍ਰਿਬਿਊਨ ਨਾਲ ਗੱਲਬਾਤ ਦੌਰਾਨ ਭਾਈ ਲਾਲ ਜੀ ਨੇ ਕਿਹਾ ਕਿ ਉਹ ਆਪਣੇ ਪਰਿਵਾਰ ਦੇ ਛੋਟੇ ਬੱਚਿਆਂ ਤੇ ਹੋਰਨਾਂ ਨੂੰ ਰਬਾਬ ਦੀ ਸਿਖਲਾਈ ਦੇਣਗੇ ਤਾਂ ਕਿ ਉਨ੍ਹਾਂ ਦੇ ਪੁਰਖਿਆਂ ਦੀ ਇਹ ਰਵਾਇਤ ਅੱਗੇ ਤੁਰਦੀ ਰਹੇ। ਉਨ੍ਹਾਂ ਦਸਿਆ ਕਿ 16ਵੀਂ ਪੀੜ੍ਹੀ ਤੱਕ ਰਬਾਬ ਵਜਾਈ ਜਾਂਦੀ ਰਹੀ ਪਰ ਇਸੇ ਦੌਰਾਨ ਭਾਰਤ ਪਾਕਿ ਵੰਡ ਵੇਲੇ ਉਨ੍ਹਾਂ ਦੇ ਪਰਿਵਾਰ ਨੂੰ ਗੋਇੰਦਵਾਲ ਛੱਡਣ ਲਈ ਮਜ਼ਬੂਰ ਹੋਣਾ ਪਿਆ ਤੇ ਸਿੱਖ ਧਰਮ ਨਾਲ ਜੁੜੇ ਹੋਣ ਕਾਰਨ ਪਾਕਿਸਤਾਨ ਵਿਚ ਉਨ੍ਹਾਂ ਦੇ ਪਰਿਵਾਰ ਨੂੰ ਮਾਨਤਾ ਨਹੀਂ ਮਿਲੀ। ਉਨ੍ਹਾਂ ਦਸਿਆ ਕਿ ਗੋਇੰਦਵਾਲ ਰਹਿੰਦਿਆਂ ਉਨ੍ਹਾਂ ਦਾ ਪਰਿਵਾਰ ਕੀਰਤਨ ਕਰਦਾ ਰਿਹਾ ਪਰ ਪਾਕਿਸਤਾਨ 'ਚ ਸਿੱਖ ਧਰਮ ਦੀ ਬਹੁਤੀ ਮਾਨਤਾ ਨਾ ਹੋਣ ਕਰਕੇ ਕੀਰਤਨ ਦੀ ਰਵਾਇਤ ਧੁੰਦਲੀ ਪੈਂਦੀ ਗਈ ਹਾਲਾਂਕਿ ਸਾਲ 1962 ਤਕ ਉਨ੍ਹਾਂ ਦਾ ਜਥਾ ਭਾਰਤ ਵਿਚ ਕੀਰਤਨ ਕਰਨ ਲਈ ਆਉਂਦਾ ਰਿਹਾ। ਬਾਅਦ ਵਿਚ ਭਾਰਤ ਪਾਕਿ ਜੰਗ ਕਾਰਨ ਏਨਾ ਕੁ ਕੰਮ ਵੀ ਜਾਂਦਾ ਰਿਹਾ। ਬਾਅਦ ਵਿਚ ਉਹ ਕੱਵਾਲਾਂ ਨਾਲ ਵੀ ਜਾਣ ਲੱਗ ਪਏ।

ਅਜਿਹੇ ਹਾਲਾਤ ਵਿਚ ਖਾਨਦਾਨ ਵਿਚੋਂ ਰਬਾਬ ਵਜਾਉਣੀ ਲਗਭਗ ਬੰਦ ਹੋ ਗਈ। ਹਾਲਾਂਕਿ ਲਾਲ ਜੀ ਦੇ ਭਰਾ ਭਾਈ ਬੂਟਾ ਜੀ ਰਬਾਬ ਵਜਾਉਣ ਦਾ ਸ਼ੌਕ ਰੱਖਦੇ ਸਨ ਪਰ ਕੁਝ ਸਾਲ ਪਹਿਲਾਂ ਉਹ ਵੀ ਚੱਲ ਵਸੇ ਤੇ ਹੁਣ ਇਸ ਵੇਲੇ ਇਸ ਖਾਨਦਾਨ ਵਿਚੋਂ ਕੋਈ ਵੀ ਰਬਾਬ ਨਹੀਂ ਵਜਾਉਂਦਾ। ਭਾਈ ਲਾਲ ਜੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਰਬਾਬ ਵਜਾਉਣੀ ਆਉਂਦੀ ਹੈ ਪਰ ਉਨ੍ਹਾਂ ਕੋਲ ਰਬਾਬ ਨਹੀਂ ਹੈ।

ਉਨ੍ਹਾਂ ਦੇ ਜਥੇ ਵਿਚ ਬੇਟੇ ਮੁਹੰਮਦ ਹੁਸੈਨ ਤੇ ਨਹੀਮ ਤਾਹਿਰ, ਮਾਮੇ ਦਾ ਮੁੰਡਾ ਅਖਤਰ, ਦੋਹਤਾ ਜਾਵੇਦ ਅਲੀ ਵੀ ਇਥੇ ਆਏ ਹੋਏ ਹਨ। ਇਹ ਜਥਾ ਚੰਡੀਗੜ੍ਹ ਵਿਚ ਵਖ ਵਖ ਗੁਰਦੁਆਰਿਆਂ ਵਿਚ ਕੀਰਤਨ ਕਰ ਰਿਹਾ ਹੈ ਤੇ ਜਥੇ ਨਾਲ ਮੁਲਾਕਾਤ ਕਰਕੇ ਇਕ ਸੱਜਣ ਸ੍ਰੀ ਜੀ ਐਸ ਸਿੱਧੂ ਨੇ ਭਾਈ ਲਾਲ ਜੀ ਨੂੰ ਇਕ ਰਬਾਬ ਭੇਟ ਕਰਨ ਦਾ ਮਨ ਬਣਾਇਆ ਹੈ। ਉਨ੍ਹਾਂ ਦਸਿਆ ਕਿ ਰਬਾਬ ਮਿਲਣ ਤੋਂ ਬਾਅਦ ਇਹ ਪ੍ਰੰਪਰਾ ਅੱਗੇ ਤੁਰਦੀ ਰਹੇਗੀ।

ਭਾਈ ਲਾਲ ਜੀ ਨੇ ਕਿਹਾ ਕਿ ਸਾਰਾ ਪਰਿਵਾਰ ਪਾਕਿਸਤਾਨ ਵਿਚ ਹੋਣ ਕਾਰਨ ਉਹ ਪੱਕੇ ਤੌਰ ਤੇ ਇਧਰ ਨਹੀਂ ਆ ਸਕਦੇ। ਪਰ ਜੇਕਰ ਉਨ੍ਹਾਂ ਨੂੰ ਮਲਟੀ ਵੀਜ਼ਾ ਮਿਲਦਾ ਹੈ ਤਾਂ ਉਹ ਚੰਡੀਗੜ੍ਹ ਤੇ ਪੰਜਾਬ ਵਿਚ ਆ ਕੇ ਰਬਾਬ ਦੀ ਸਿਖਲਾਈ ਵੀ ਦੇ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਉਨ੍ਹਾਂ ਦੀ ਮਾਲੀ ਹਾਲਤ ਵਿਚ ਵੀ ਸੁਧਾਰ ਆ ਸਕਦਾ ਹੈ, ਕਿਉਂਕਿ ਲਾਹੌਰ ਵਿਖੇ ਉਹ ਸਿਰਫ਼ ਹੱਥੀਂ ਕੰਮ ਕਰਕੇ ਹੀ ਗੁਜ਼ਰ ਬਸਰ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਭਾਈ ਲਾਲ ਜੀ ਮਨਮੋਹਣਾ ਕੀਰਤਨ ਕਰਨ ਸਦਕਾ ਪ੍ਰਸਿਧੀ ਖੱਟ ਚੁੱਕੇ ਹਨ ਤੇ ਇਸ ਦੇ ਨਾਲ ਹੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਦਾ ਗਿਆਨ ਵੀ ਰੱਖਦੇ ਹਨ।

'ਪੰਜਾਬੀ ਟ੍ਰਿਬਿਊਨ' 'ਚੋਂ ਧੰਨਵਾਦ ਸਹਿਤ

# 17 ਭਾਰਤੀ ਭਾਸ਼ਾਵਾਂ ਦਾ ਸੰਗੀਤ ਅਧਿਆਪਕ ਅੰਮ੍ਰਿਤਪਾਲ ਸਿੰਘ

ਸੰਗੀਤ ਨਾ ਕੇਵਲ ਗਾਇਕ ਦੀ ਸਗੋਂ ਸਰੋਤਿਆਂ ਦੀ ਰੂਹ ਨੂੰ ਵੀ ਤ੍ਰਿਪਤੀ ਬਖਸ਼ਦਾ ਹੈ। ਇਹ ਵਿਚਾਰ ਬੀਤੇ ਦਿਨੀਂ ਇੰਗਲੈਂਡ ਲਈ ਰਵਾਨਾ ਹੋਣ ਤੋਂ ਪਹਿਲਾਂ ਇਸ ਪੱਤਰਕਾਰ ਨਾਲ ਸਾਂਝੇ ਕੀਤੇ ਨਹਿਰੂ ਗਾਰਡਨ ਸੀਨੀਅਰ ਸੈਕੰਡਰੀ ਸਕੂਲ ਜਲੰਧਰ ਦੇ ਸੰਗੀਤ ਅਧਿਆਪਕ ਸ. ਅੰਮ੍ਰਿਤਪਾਲ ਸਿੰਘ ਨੇ। ਨਕੋਦਰ ਦੇ ਸ. ਇਕਬਾਲ ਸਿੰਘ ਟੱਕਰ ਦੇ ਸਪੁੱਤਰ ਇਸ ਸੰਗੀਤਕਾਰ ਨੇ ਆਪਣੇ ਸੰਗੀਤਕ ਸਫ਼ਰ ਬਾਰੇ ਜਾਣਕਾਰੀ ਦਿੰਦਿਆਂ ਦਸਿਆ ਕਿ ਇਹ ਗੁਣ ਬਚਪਨ ਵਿਚ ਹੀ ਆਪਣੇ ਬਜ਼ੁਰਗ ਤੇ ਪ੍ਰਸਿੱਧ ਰਾਗੀ ਗਿ: ਦਲੀਪ ਸਿੰਘ ਤੇ ਭਾਈ ਅਮਰੀਕ ਸਿੰਘ ਤੋਂ ਭਾਵੇਂ ਉਸਨੂੰ ਪ੍ਰਾਪਤ ਹੋਇਆ ਪਰ ਇਸ ਦੀਆਂ ਬਾਰੀਕੀਆਂ ਉਸ ਨੇ ਆਪਣੇ ਉਸਤਾਦ ਪ੍ਰੋ: ਕਿਰਪਾਲ ਸਿੰਘ ਜੰਡੂ ਸੰਗੀਤ ਵਿਸ਼ਾਰਦ ਅਤੇ ਸ੍ਰੀ ਰਮੇਸ਼ ਪੁਸ਼ਕਰਨਾ ਤੋਂ ਸ਼ਾਗਿਰਦੀ ਕਰਕੇ ਸਿੱਖੀਆਂ। ਉਸ ਨੇ 1978 ਵਿਚ ਸੰਗੀਤ ਅਧਿਆਪਕ ਵਜੋਂ ਸਰਕਾਰੀ ਸਕੂਲ ਨਕੋਦਰ ਵਿਚ ਨੌਕਰੀ ਸ਼ੁਰੂ ਕੀਤੀ। ਹੁਣ ਉਹ 1987 ਤੋਂ ਜਲੰਧਰ ਵਿਚ ਸੇਵਾ ਨਿਭਾਅ ਰਿਹਾ ਹੈ। ਉਸਨੇ ਦਾਅਵਾ ਕੀਤਾ ਕਿ ਉਸ ਦੇ ਸ਼ਗਿਰਦ ਵਿਦਿਆਰਥੀਆਂ ਨੂੰ ਸੰਗੀਤ ਖੇਤਰ ਵਿਚ ਨਾ ਸਿਰਫ਼ ਨਾਮਣਾ ਖੱਟਿਆ ਬਲਕਿ ਕਈ ਐਵਾਰਡ ਤੇ ਸਨਮਾਨ ਵੀ ਪ੍ਰਾਪਤ ਕੀਤੇ।

ਅੰਮ੍ਰਿਤਪਾਲ ਸਿੰਘ ਨੇ ਹੋਰ ਦਸਿਆ ਕਿ ਨੌਵੀਂ ਜਮਾਤ ਵਿਚ ਪੜ੍ਹਦਿਆਂ ਉਸ ਨੇ ਭਾਰਤ ਦੇ ਰਾਸ਼ਟਰਪਤੀ ਡਾ. ਜਾਕਰ ਹੁਸੈਨ ਤੋਂ ਭਾਰਤ ਸਕਾਊਟ ਦੇ ਗਾਈਡ ਦਾ ਰਾਸ਼ਟਰਪਤੀ ਐਵਾਰਡ ਪ੍ਰਾਪਤ ਕੀਤਾ। ਭਾਰਤ ਛੱਡੋ ਲਹਿਰ ਦੀ 45ਵੀਂ ਵਰ੍ਹੇਗੰਢ ਜਦੋਂ ਮੁੰਬਈ ਵਿਚ ਮਨਾਈ ਗਈ ਤਾਂ ਉਸਨੂੰ ਉਸ ਵਿਚ ਵੀ ਸ੍ਰੀਮਤੀ ਅਰੁਨਾ ਆਸਫ ਅਲੀ ਤੋਂ ਸਨਮਾਨ ਮਿਲਿਆ। ਫਿਰ 15 ਅਗਸਤ ਨੂੰ ਦਿੱਲੀ ਦੇ ਲਾਲ ਕਿਲ੍ਹੇ 'ਤੇ ਸ੍ਰੀ ਰਾਜੀਵ ਗਾਂਧੀ ਦੀ ਹਾਜ਼ਰੀ ਵਿਚ (ਆਲ ਇੰਡੀਆ ਟੀਚਰਜ਼ ਕੁਆਇਰ) ਭਾਰਤ ਦੇ ਉਨ੍ਹਾਂ 120 ਅਧਿਆਪਕਾਂ ਵਿਚ ਵੀ ਉਹ ਸ਼ਾਮਲ ਸੀ, ਜਿਨ੍ਹਾਂ ਇਸ ਮੌਕੇ ਆਪਣਾ ਪ੍ਰੋਗਰਾਮ ਪੇਸ਼ ਕਰਕੇ ਵਾਹ ਵਾਹ ਖੱਟੀ ਅਤੇ ਜਿਸ ਦਾ ਸਿੱਧਾ ਪ੍ਰਸਾਰਨ ਦੂਰਦਰਸ਼ਨ ਤੋਂ ਵੀ ਹੋਇਆ।

ਉਸ ਨੇ ਕਿਹਾ ਕਿ ਇਸ ਪ੍ਰਾਜੈਕਟ ਦੀ ਸਫਲਤਾ ਲਈ ਉਸ ਨੂੰ ਗੋਆ, ਬਿਹਾਰ, ਮਹਾਰਾਸ਼ਟਰ, ਮੱਧ ਪ੍ਰਦੇਸ਼ ਤੇ ਕਸ਼ਮੀਰ ਵਿਖੇ ਵੀ ਭੇਜਿਆ ਗਿਆ, ਜਿਥੇ ਉਸ ਨੇ 17 ਭਾਸ਼ਾਵਾਂ ਦੇ ਅਧਿਆਪਕਾਂ ਨੂੰ ਪੰਜਾਬੀ ਸੰਗੀਤ ਬਾਰੇ ਟ੍ਰੇਨਿੰਗ ਦਿੱਤੀ ਅਤੇ ਉਨਾਂ ਤੋਂ ਉਨ੍ਹਾਂ ਦੀਆਂ ਭਾਸ਼ਾਵਾਂ 'ਚ ਸੰਗੀਤ ਦੀ ਟ੍ਰੇਨਿੰਗ ਲਈ। ਅੰਮ੍ਰਿਤਪਾਲ ਨੇ ਕਿਹਾ ਕਿ ਉਸ ਦਾ ਮਿਸ਼ਨ ਸੰਗੀਤ ਸਿੱਖਣਾ ਤੇ ਸਿਖਾਉਣਾ ਹੈ।

---

'ਅਜੀਤ' ਵਿਚੋਂ ਧੰਨਵਾਦ ਸਹਿਤ

# ਅਨੁੱਠੀ ਅਧਿਆਤਮ ਕਥਾ - ਬੈਠਿ ਖਡੂਰੇ ਜੋਤਿ ਜਗਾਈ

ਡਾ. ਗੁਰਮੀਤ ਸਿੰਘ ਬੈਦਵਾਣ

ਅਜੋਕੇ ਵਿਗਿਆਨਕ ਯੁੱਗ ਵਿਚ ਮਨੁੱਖ ਦੇ ਗਿਆਨ ਦੀਆਂ ਪਹੁੰਚ ਵਿਧੀਆਂ ਅਣਗਿਣਤ ਦਿਸ਼ਾਵਾਂ ਵਿਚ ਫੈਲ ਰਹੀਆਂ ਹਨ। ਗੱਲ ਕੀ ਮਨੁੱਖ ਨੇ ਇੰਨੀ ਤਰੱਕੀ ਕਰ ਲਈ ਹੈ ਕਿ ਹੁਣ ਉਸ ਦੇ ਸਾਹਮਣੇ ਹਰ ਤਰ੍ਹਾਂ ਦੀ ਸੁੱਖ ਸਹੂਲਤ ਖੜ੍ਹੀ ਹੈ, ਪਦਾਰਥਾਂ ਦੇ ਢੇਰ ਲੱਗੇ ਪਏ ਹਨ। ਗਿਆਨ ਦੇ ਪੱਖੋਂ ਉਹ ਇਹ ਕਹਾਉਣ ਵਿਚ ਹਤਕ ਸਮਝਦਾ ਹੈ ਕਿ ਮੈਨੂੰ ਕੀ ਨਹੀਂ ਪਤਾ। ਪਰ ਉਸ ਨੂੰ ਇਹ ਪਤਾ ਨਹੀਂ ਚੱਲ ਰਿਹਾ ਕਿ ਉਹ ਅੰਦਰੋਂ ਅੰਦਰ ਟੁੱਟਦਾ ਕਿਉਂ ਜਾ ਰਿਹਾ ਹੈ। ਉਹ ਇਕੱਲਾਪਣ ਹੰਢਾ ਕੇ ਕਿਉਂ ਖੁਸ਼ ਹੈ। ਉਸਨੂੰ ਇਹ ਵੀ ਪਤਾ ਨਹੀਂ ਚੱਲ ਰਿਹਾ ਕਿ ਇਹੋ ਖੁਸ਼ੀ ਉਸਨੂੰ ਚੌਗਿਰਦੇ ਨਾਲੋਂ ਅਸੰਗਤ ਕਿਵੇਂ ਕਰ ਰਹੀ ਹੈ। ਮਸ਼ੀਨੀ ਅਧਾਰ ਨੇ ਮਨੁੱਖ ਨੂੰ ਉਸ ਦੇ ਮੂਲ ਸਰੋਤ ਵਾਲੇ ਅਧਾਰ ਤੋਂ ਉਖੇੜ ਦਿੱਤਾ ਹੈ। ਬਹੁਤ ਸਾਰਾ ਸਾਹਿਤ ਵੀ ਵਿਗਿਆਨਕ ਸੱਚਾਈ ਵਾਲੇ ਖੇਤਰਾਂ ਦੀ ਸਿਰਜਣਾ ਵਿਚ ਜੁਟਿਆ ਹੋਇਆ ਹੈ। ਕੁਝ ਕਲਮਾਂ ਮਨੁੱਖੀ ਆਦਰਸ਼ ਦੀਆਂ ਜੜ੍ਹਾਂ ਦੇ ਸੁਆਲ ਪ੍ਰਤੀ ਚਿੰਤਾਜਨਕ ਹੋਈਆਂ ਪਈਆਂ ਹਨ ਤਾਂ ਕਿ ਮਨੁੱਖ ਨੂੰ ਉਸਦੇ ਗੁਆਚੇ ਮੂਲ ਦੀ ਭਾਲ ਕਰਵਾ ਕੇ ਉਸ ਨੂੰ ਉਸ ਸੱਚ ਅਚਾਰ ਨਾਲ ਜੋੜਿਆ ਜਾ ਸਕੇ, ਜਿਸ ਤੋਂ ਵਿਛੜ ਕੇ ਉਹ ਵਿਅਕੁਲ ਹੋ ਰਿਹਾ ਹੈ। ਇਹ ਉਹੋ ਸੱਚ ਹੈ ਜਿਹੜਾ ਅਜੋਕੇ ਵਿਗਿਆਨ ਅਤੇ ਚਰਚਿਤ ਖੁਸ਼ੀ ਦਾ ਵੀ ਅਧਾਰ ਹੈ। ਇਹ ਗੱਲ ਵੱਖਰੀ ਹੈ ਕਿ ਮਨੁੱਖ ਜਾਣ ਬੁਝ ਕੇ ਆਪਣੀ ਸਿਆਣਪ ਨੂੰ ਮੂਲ ਅਧਾਰ ਵਾਲੀ ਸੁਹਜ ਵਿਧੀ ਤੋਂ ਵਖ ਕਰਕੇ ਵੇਖਣ ਸਮਝਣ ਵਿਚ ਆਪਣੀ ਵਡਿਆਈ ਸਮਝਦਾ ਹੈ ਜੋ ਕਿ ਨਿਰਾਧਾਰ ਹੈ। ਮੂਲ ਅਧਾਰ ਨੂੰ ਵੇਖਣ ਸਮਝਣ ਤੇ ਪਰਖਣ ਵਾਲੀ ਕਲਮ ਡਾ. ਹਰਨੇਕ ਸਿੰਘ ਕਲੇਰ ਨੇ 'ਬੈਠਿ ਖਡੂਰੇ ਜੋਤਿ ਸਗਾਈ' ਪੁਸਤਕ ਦੀ ਸਹਿਜ ਰਚਨਾਂ ਕਰਕੇ ਮਨੁੱਖੀ ਵਿਰਸੇ ਦੀ ਇਕ ਐਸੀ ਅਨੁੱਠੀ ਅਧਿਆਤਮ ਕਥਾ ਨੂੰ ਪ੍ਰਸਤੁਤ ਕੀਤਾ ਹੈ ਜਿਸ ਵਿਚਲਾ ਸੱਚ ਆਚਾਰ, ਪਰਸਪਰ ਪ੍ਰੇਮ ਪਿਆਰ, ਕੁਲ ਲੁਕਾਈ ਦੀ ਅਪਣੱਤ ਅਤੇ ਮਨੁੱਖੀ ਹਿਰਦਿਆਂ ਦਾ ਨਿਰਛਲ ਵੇਗ ਸੰਭਲਦਿਆਂ ਨਹੀਂ ਸੰਭਲਦਾ। ਮੈਂ ਸਮਝਦਾ ਹਾਂ ਕਿ ਮਨੁੱਖੀ ਹਿਰਦਿਆਂ ਦੇ ਸਾੜਿਆਂ, ਨਿਜਬਲ ਹੰਕਾਰ ਦੇ ਅੰਦਰੂਨੀ ਜ਼ਖ਼ਮਾਂ ਅਤੇ ਸਮੇਂ ਦੀ ਹਰਲ ਹਰਲ ਦੇ ਪੱਛੇ ਮਾਨਸਿਕ ਉਪਦਰਾਂ ਲਈ ਇਹ ਪੁਸਤਕ ਮਰ੍ਹਮ ਪੱਟੀ ਦਾ ਕੰਮ ਕਰੇਗੀ ਅਤੇ ਸੋਚ ਦੀਆਂ ਵਾਗਾਂ ਨੂੰ ਪ੍ਰਕਾਸ਼ ਦੇ ਮਾਰਗਾਂ ਵੱਲ ਮੋੜ ਦੇਣ ਦੇ ਸਮਰਥ ਹੋਵੇਗੀ।

ਡਾ. ਹਰਨੇਕ ਸਿੰਘ ਕਲੇਰ ਨੇ ਪੁਸਤਕ 'ਬੈਠਿ ਖਡੂਰੇ ਜੋਤਿ ਜਗਾਈ' ਰਚ ਕੇ ਪਾਠਕ ਨੂੰ ਪਹਿਲਾਂ ਤਾਂ ਇਹ ਸੰਕਲਪ ਦ੍ਰਿੜਾਇਆ ਹੈ ਕਿ ***ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲ ਪਛਾਣੁ*** ਜਦੋਂ ਵਿਅਕਤੀ ਅਜਿਹੀ ਸੋਚ ਨੂੰ ਜੀਵਨ ਦਾ ਅਧਾਰ ਬਣਾਉਂਦਾ ਹੈ ਤਾਂ ਨਿਸਚੇ ਹੀ ਉਸ ਨੂੰ ਉਹ ਕੁਝ ਨਜ਼ਰ ਆਉਂਦਾ ਹੈ ਜੋ ਕੁਝ ਉਸਨੂੰ ਦਿਸਦੇ ਸੰਸਾਰ ਦੇ ਸਿੱਖਿਆ ਜਗਤ ਵਿਚੋਂ ਨਹੀਂ ਲੱਭਦਾ। ਆਮ ਮਨੁੱਖ ਜੋ ਇਸ ਪਾਸੇ ਵੱਲ ਰੁਚਿਤ ਨਹੀਂ ਉਹ ਪੌਣ ਦੀ ਬੇੜੀ ਵਿਚ ਸਵਾਰ ਹੋ ਜਾਂਦਾ ਹੈ ਤੇ ਕਿਧਰੇ ਵੀ ਉਸਦੇ ਪੈਰ ਨਹੀਂ ਲੱਗਦੇ। ਉਹ ਦੂਰ ਕਿਧਰੇ ਦੁਨੀਆ ਦੇ ਮੇਲੇ ਦੀ ਭੀੜ ਵਿਚ ਗੁਆਚ ਜਾਂਦਾ ਹੈ। ਪੁਸਤਕ ਵਿਚਲੀ ਕਥਾ ਅਨੁਸਾਰ ਭਾਈ ਲਹਿਣਾ ਜੀ ਪਹਿਲਾਂ ਆਮ ਮਨੁੱਖ ਦੀ ਤਰ੍ਹਾਂ ਹੀ ਜੀਵਨ ਬਸਰ ਕਰਦੇ ਸਨ ਤੇ ਚੰਗੇ ਸਿਆਣੇ ਹਿਸਾਬੀ ਕਿਤਾਬੀ ਸਨ। ਪਰ ਜਦੋਂ ਇਸ ਹਿਸਾਬ ਕਿਤਾਬ ਵਿਚ ਗੁਰਮਤਿ ਦਾ ਅੰਸ਼ ਸ਼ਾਮਲ ਹੋ ਗਿਆ ਤਾਂ ਵਹੀਆਂ ਖਾਤਿਆਂ ਦੇ ਹਿਸਾਬ ਬਹੁਤ ਛੋਟੇ ਤੇ ਬੇਕਾਰ ਜਾਪਣ ਲੱਗ ਪਏ। ਫੇਰ ਉਮਰਾਂ ਦੇ, ਵਿਹਾਰਾਂ ਦੇ, ਲੋਕ ਹਿੱਤਾਂ ਅਤੇ ਗੁਰੂ ਦਰਸ਼ਨਾਂ ਉਪਦੇਸ਼ਾਂ ਦੇ ਹਿਸਾਬ ਕਿਤਾਬ ਏਡੇ ਵੱਡੇ ਆਕਾਰਾਂ ਵਿਚ ਦਿੱਸਣ ਲੱਗ ਪਏ ਜਿਨ੍ਹਾਂ ਦੇ ਲਿਖਣ ਲਈ ਸਾਰੀ ਬਨਸਪਤੀ ਦੀ ਸਿਆਹੀ ਤੇ ਧਰਤੀ ਦਾ ਕਾਗਜ ਵੀ ਛੋਟਾ ਜਾਪਣ ਲੱਗ ਪਿਆ। ਬਸ ਲੋੜ ਹੈ ਆਪਣੇ ਮੂਲ ਨੂੰ ਪਛਾਣਨ ਦੀ।

ਡਾ. ਹਰਨੇਕ ਸਿੰਘ ਕਲੇਰ ਨੇ ਵਡਮੁੱਲਾ ਯਤਨ ਕੀਤਾ ਹੈ ਕਿ ਭਾਈ ਲਹਿਣੇ ਅਤੇ ਗੁਰੂ ਨਾਨਕ ਦੇਵ ਜੀ ਦੀ ਮਿਲਣੀ (ਉਹ ਮਿਲਣੀ ਜਿਹੜੀ ਮੁੜ ਕਦੇ ਨਾ ਵਿਛੜੀ) ਕੀ ਕਥਾ ਨਾਲ ਮਨੁੱਖ ਮਾਤ੍ਰ ਦੀ ਸਾਂਝ ਪੁਆਈ ਜਾਵੇ। ਪੁਸਤਕ ਵਿਚਲਾ ਵਾਰਤਾਲਾਪ ਤੇ ਘਟਨਾਵਾਂ ਇੰਨੀ

ਦਿਲਚਸਪ ਸ਼ੈਲੀ ਦਾ ਨਮੂਨਾ ਹਨ ਕਿ ਕਿਧਰੇ ਵੀ ਇਹ ਨਹੀਂ ਲੱਗਦਾ ਕਿ ਚਲੋ ਕੁਝ ਹੋਇਆ ਹੋਵੇਗਾ। ਸਗੋਂ ਇਹ ਤਾਂ ਇਸ ਤਰਾਂ ਦਾ ਸਿਲਸਿਲਾ ਬਣਿਆ ਪਿਆ ਹੈ ਕਿ ਜਿਵੇਂ ਦਮੋਦਰ ਦੀ ਹੀਰ ਵਿਚ ਥਾਂ ਥਾਂ ਲਿਖਿਆ ਮਿਲਦਾ ਹੈ ਕਿ

ਆਖ ਦਮੋਦਰ ਮੈਂ ਅੱਖੀਂ ਡਿੱਠਾ
ਜੋ ਸਿਰ ਸਲੇਟੀ ਦੇ ਆਈ

ਪੇਸ਼ਕਾਰੀ ਦੇ ਪੱਖੋਂ ਲੇਖਕ ਦਾ ਤਜਰਬਾ ਕਲਮਾਂ ਦੀ ਪ੍ਰੋੜਤਾ ਦਾ ਦਰਜਾ ਹਾਸਲ ਕਰ ਗਿਆ ਹੈ। ਉਹ ਸਹਿਜ ਹੀ ਕੀ ਜਿਸ ਵਿਚ ਅਗੰਮੀ ਸੁਰਾਂ ਵਿਦਮਾਨ ਨਾ ਹੋਣ, ਜ਼ਿੰਦਗੀ ਦਾ ਨਰੋਆ ਅਧਾਰ ਨਾ ਹੋਵੇ। ਪਰ ਲੇਖਕ ਇਕ ਗੱਲੋਂ ਹੋਰ ਵੀ ਵਧਾਈ ਦਾ ਪਾਤਰ ਹੈ ਜਿਸ ਨੇ ਪਦਾਰਥਾਂ ਦੀ ਚਕਾਚੌਂਧ ਅੰਦਰ ਮਸਤ ਹੋ ਕੇ ਸੁੱਤੇ ਵਿਅਕਤੀ ਨੂੰ ਅਗੰਮੀ ਸੁਰਾਂ ਦਾ ਨਾਦ ਸੁਣਾ ਕੇ ਮੁਬਾਰਕ ਜਾਗ ਬਖਸ਼ੀ ਹੈ। ਪੁਸਤਕ ਦਾ ਪ੍ਰਭਾਵ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਧਰਤ ਧਰਮਸ਼ਾਲਾ ਵਿਚ ਚਲ ਰਹੀ ਪਾਠਸ਼ਾਲਾ ਦੇ ਪ੍ਰਿੰਸੀਪਲ ਸਨ।

ਜਦੋਂ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਸੁਣ ਕੇ ਉਨ੍ਹਾਂ ਦੀ ਪਾਠਸ਼ਾਲਾ ਵਿਚ ਦਾਖਲਾ ਲੈਣ ਪਹੁੰਚੇ ਤਾਂ ਗੁਰੂ ਜੀ ਉਨ੍ਹਾਂ ਨੂੰ ਆਪ ਲੈਣ ਆਏ। ਭਾਈ ਲਹਿਣਾ ਜੀ ਘੋੜੇ ਤੇ ਸਵਾਰ ਸਨ ਤੇ ਗੁਰੂ ਜੀ ਪੈਦਲ ਚੱਲ ਕੇ ਉਨ੍ਹਾਂ ਨੂੰ ਧਰਮਸ਼ਾਲਾ ਤਕ ਛੱਡ ਕੇ ਆਏ। ਫੇਰ ਜਦੋਂ ਆਸਣ ਤੇ ਬਿਰਾਜਮਾਨ ਹੋਏ ਤਾਂ ਲਹਿਣਾ ਜੀ ਕਹਿਣ ਕਿ ਤੁਸੀਂ ਪੈਦਲ ਤੇ ਮੈਂ ਘੋੜੇ ਤੇ। ਇਹ ਤਾਂ ਅਵੱਗਿਆ ਹੋ ਗਈ। ਮੇਰੀ ਭੁੱਲ ਬਖਸ਼ ਦਿਓ। ਗੁਰੂ ਜੀ ਕਹਿਣ ਲੱਗੇ ਭਾਈ ਤੁਹਾਡਾ ਨਾਂ ਕੀ ਹੈ? ਉਨ੍ਹਾਂ ਆਖਿਆ 'ਲਹਿਣਾ'। ਗੁਰੂ ਜੀ ਕਹਿਣ ਲੱਗੇ ਕਿ "ਭਾਈ ਫੇਰ ਤਾਂ ਠੀਕ ਹੀ ਹੋਇਆ ਹੈ ਕਿ ਤੁਸੀਂ ਲੈਣਾ ਹੈ ਅਸੀਂ ਦੇਣਾ।" ਅੱਜ ਕਲ੍ਹ ਦੀ ਪਾਠਸ਼ਾਲਾ ਦਾ ਕਿਹੜਾ ਪ੍ਰਿੰਸੀਪਲ ਦਾਖਲਾ ਲੈਣ ਆਏ ਵਿਦਿਆਰਥੀ ਨੂੰ ਸਕੂਲ ਦੇ ਗੇਟ ਤੇ ਲੈਣ ਜਾਂਦਾ ਹੈ? ਜੋ ਕੋਈ ਵੀਹ ਸਿਫਾਰਸ਼ਾਂ ਪੁਆ ਕੇ ਪ੍ਰਿੰਸੀਪਲ ਤਕ ਪਹੁੰਚ ਕਰਦਾ ਹੈ ਤਾਂ ਸੀਟ ਨਹੀਂ ਹੈ ਤੋਂ ਗੱਲ ਸ਼ੁਰੂ ਕਰਕੇ ਡੋਨੇਸ਼ਨ ਅਤੇ ਹੋਰ ਖਰਚਿਆਂ ਦੀ ਸੂਚੀ ਹੱਥ ਫੜਾ ਕੇ ਸੁਰਤ ਅਕਾਸ਼ ਮੰਡਲ ਵਿਚ ਚਾੜ੍ਹ ਦਿੰਦੇ ਹਨ। ਇਨ੍ਹਾਂ ਨੇ ਸੁਆਹ ਸਿੱਖਿਆ ਦੇਣੀ ਐ। ਸਭ ਮਾਇਆ ਦਾ ਵਪਾਰ ਹੈ। ਗੱਡੀ ਲੀਹੋਂ ਲੱਥ ਚੁੱਕੀ ਹੈ। ਲੇਖਕ ਦਾ ਯਤਨ ਬੰਦ ਦਰਵਾਜਿਆਂ ਤੇ ਦਸਤਕ ਦੇ ਰਿਹਾ ਹੈ। ਕੋਈ ਭਾਵਾਂ ਵਾਲਾ ਹੀ ਅੰਦਰਲੀ ਚਿਟਕਣੀ ਨੂੰ ਥੱਲੇ ਵੱਲ ਸਰਕਾ ਕੇ ਚਾਨਣੀ ਕਿਰਨ ਦੇ ਸੁਭਾਗੇ ਦਰਸ਼ਨ ਕਰ ਸਕੇਗਾ ਨਹੀਂ ਤਾਂ ਸ਼ੀਸ਼ਾਂ ਵਿਚ ਦੀ ਹੀ ਹੋਈ ਠਕ ਠਕ ਦਾ ਪ੍ਰਤੀਕਰਮ ਟਾਲਮਟੋਲ ਵਿਚ ਕਰ ਜਾਵੇਗਾ।

ਹਥਲੀ ਪੁਸਤਕ ਦੱਸਦੀ ਹੈ ਕਿ ਗੁਰੂ ਨਾਨਕ ਦੇਵ ਅਤੇ ਭਾਈ ਲਹਿਣਾ ਜੀ ਤੇ ਹੋਰ ਗੁਰਸਿੱਖ ਪਰਿਵਾਰਾਂ ਵਾਲੇ ਸਨ। ਇਥੇ ਗ੍ਰਿਹਸਥੀ ਮਨੁੱਖਾਂ ਦਾ ਇਹ ਬਹਾਨਾ ਖਤਮ ਹੋ ਜਾਂਦਾ ਹੈ ਕਿ ਅਸੀਂ ਸਰਬੱਤ ਦੇ ਭਲੇ ਵਾਸਤੇ ਨਹੀਂ ਤੁਰ ਸਕਦੇ, ਸਾਡੇ ਕੋਲ ਵਿਹਲ ਹੀ ਕਿੱਥੇ ਹੈ। ਇਹ ਗੱਲ ਹੁਣ ਵੀ ਅਤੇ ਆਉਣ ਵਾਲੇ ਸਮਿਆਂ ਵਿਚ ਵੀ ਸੱਚ ਸਾਬਤ ਹੁੰਦੀ ਰਹੇਗੀ ਕਿ ਜੇ ਗੁਰੂ ਨਾਨਕ ਮਿਸ਼ਨ ਦੀ ਮਿਸਾਲ ਭਾਈ ਲਹਿਣਾ ਜੀ (ਗੁਰੂ ਅੰਗਦ) ਗੁਰੂ ਅਮਰਦਾਸ ਜੀ ਤਕ ਨਾ ਪਹੁੰਚਾਉਂਦੇ ਤਾਂ ਅੱਜ ਮਨੁੱਖੀ ਸਭਿਅਤਾ ਅੰਦਰ ਕੂੜ ਦਾ ਹਨੇਰਾ ਫੇਰ ਪਸਰਿਆ ਹੋਣਾ ਸੀ। ਉਂਝ ਭਾਵੇਂ ਹੁਣ ਵੀ ਕਈਆਂ ਨੇ ਮਿਸ਼ਾਲ ਦੇ ਚਾਨਣ ਵੱਲ ਪਿੱਠ ਕਰ ਰੱਖੀ ਹੈ ਉਹ ਇਸ ਰੱਬੀ ਨੂਰ ਨੂੰ ਆਪਣੇ ਆਪ ਤੋਂ ਹੀ ਉਤਪੰਨ ਹੋਇਆ ਮੰਨਦੇ ਹਨ। ਜਿਸ ਦਿਨ ਭਾਈ ਲਹਿਣਾ ਜੀ ਨੇ ਭਾਈ ਜੋਧ ਤੋਂ ਅੰਮ੍ਰਿਤ ਵੇਲੇ ਗੁਰੂ ਨਾਨਕ ਦੀ ਬਾਣੀ ਦੀਆਂ ਹੇਠ ਲਿਖੀਆਂ ਤੁਕਾਂ ਸੁਣੀਆਂ ਤਾਂ ਲਹਿਣਾ ਜੀ ਨੂੰ ਆਲਾ ਦੁਆਲਾ ਘਰ ਪਰਿਵਾਰ ਭੁੱਲ ਗਿਆ।

*ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥*
*ਕੁਦਰਤਿ ਪਾਤਾਲੀ ਅਕਾਸੀ ਕੁਦਰਤਿ ਸਰਬ ਆਕਾਰੁ॥*
*ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥*
*ਕੁਦਰਤਿ ਖਾਣਾ ਪੀਣਾ ਪੈਨ੍ਣ ਕੁਦਰਤਿ ਸਰਬ ਪਿਆਰੁ॥*

ਪੁਸਤਕ ਦੱਸਦੀ ਹੈ ਕਿ ਕਾਰੋਬਾਰ ਵੀ ਵਿਸਰ ਗਿਆ। ਭਾਈ ਲਹਿਣਾ ਜੀ ਸੋਚ ਰਹੇ ਸਨ ਕਿ ਮੈਂ ਇਕ ਨਿੱਕੀ ਇਕਾਈ ਹਾਂ। ਵੱਡੇ ਪੱਧਰ 'ਤੇ ਪਸਰੀ ਕਾਇਨਾਤ ਜਿਸ ਵਿਚ ਸਰਬ ਅਕਾਰ, ਸਰਬ ਵਿਚਾਰ ਤੇ ਸਰਬ ਪਿਆਰ ਦੀ ਗੱਲ ਹੋ ਰਹੀ ਹੈ ਇਹ ਕਿਸ ਮਹਾਂਪੁਰਸ਼ ਦਾ ਪਰਿਵਾਰ ਹੈ? ਇਹ ਸੰਕਲਪ ਜਦੋਂ ਉਨ੍ਹਾਂ ਦੀ ਸੋਚ ਵਿਚ ਸ਼ਾਮਲ ਹੋਇਆ ਤਾਂ ਪੰਜਾਬੀ ਦੀ ਮਹਾਨ ਕਵਿਤਰੀ ਅੰਮ੍ਰਿਤਾ ਪ੍ਰੀਤਮ ਦੇ ਕਹਿਣ ਵਾਂਗ

*ਰਲ਼ ਗਈ ਸੀ ਏਸ ਵਿਚ,*
*ਇਕ ਬੂੰਦ ਤੇਰੇ ਇਸ਼ਕ ਦੀ।*
*ਏਸ ਲਈ ਮੈਂ ਉਮਰ ਦੀ,*

*ਸਾਰੀ ਕੁੜੱਤਣ ਪੀ ਲਈ।*

ਗੁਰਬਾਣੀ ਦਾ ਫੁਰਮਾਨ ਹੈ *ਮਿਠਾ ਕਰਕੇ ਖਾਇਆ ਕੌੜਾ ਆਇਆ ਸਵਾਦ* । ਜਦੋਂ ਕੋਈ ਸਮੇਂ ਦੀ ਕੁੜੱਤਣ ਪੀ ਲਵੇ ਜਿਵੇਂ ਗੁਰੂ ਅਰਜਨਦੇਵ ਜੀ ਨੂੰ ਗੁਰਬਾਣੀ ਦੇ ਪ੍ਰਕਾਸ਼ ਹਿਤ ਤੱਤੀ ਤਵੀ ਤੇ ਬੈਠਣਾ ਪਿਆ, ਗੁਰੂ ਹਰਿਕ੍ਰਿਸ਼ਨ ਜੀ ਨੂੰ ਚੇਚਕ ਦਾ ਰੋਗ ਦੂਰ ਕਰਨ ਲਈ ਸਾਰੇ ਲੋਕਾਂ ਦਾ ਰੋਗ ਆਪਣੇ ਸਿਰ ਲੈਣਾ ਪਿਆ, ਸਮੁੱਚੀ ਲੋਕਾਈ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਗੁਰੂ ਗੋਬਿੰਦ ਸਿੰਘ ਜੀ ਨੂੰ ਸਰਬੰਸ ਵਾਰਨਾ ਪਿਆ ਤਾਂ ਉਨ੍ਹਾਂ ਵੱਲੋਂ ਪੀਤੀ ਸਮੇਂ ਦੀ ਕੁੜੱਤਣ (ਦੁੱਖ) ਪ੍ਰਤੀਕਿਰਿਆ ਕਰਦੇ ਹੋਏ ਅੰਮ੍ਰਿਤ ਦੀ ਵਰਖਾ ਭਾਵ ਸੁੱਖਾਂ ਦਾ ਮਾਹੌਲ ਬਣੇ। ਗੁਰੂ ਨਾਨਕ ਦੀ ਬਾਣੀ ਨੇ ਭਾਈ ਲਹਿਣੇ ਨੂੰ ਹਲੂਣਾ ਦੇ ਕੇ ਕਾਦਰ ਦੀ ਕੁਦਰਤ ਨਾਲ ਜੋੜਿਆ ਜਿਸ ਦੇ ਕਿ ਗੁਰੂ ਨਾਨਕ ਦੇਵ ਜੀ ਆਪ ਇਕ ਜਜ ਸਨ।

ਡਾ. ਹਰਨੇਕ ਸਿੰਘ ਕਲੇਰ ਨੇ ਪੁਸਤਕ ਵਿਚਲੀ ਸਾਰੀ ਕਥਾ ਵਾਰਤਾ ਦੇ ਹੈਡਿੰਗ ਤੇ ਸਬ ਹੈਡਿੰਗ ਇੰਨੇ ਸਾਕਾਰਾਤਮਕ ਬਣਾਏ ਹਨ ਕਿ ਜਿਹਨਾਂ ਬਾਰੇ ਫੁਰਮਾਨ ਹੈ

*ਕਹਤੇ ਕੋ ਸੋਭਾ ਨਹੀਂ ਦੇਖਾ ਹੀ ਪਰਵਾਨੁ॥*

ਪ੍ਰਕਾਸ਼ ਦੇ ਪੁੰਜ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਜਦੋਂ ਭਾਈ ਲਹਿਣਾ ਜੀ ਉਨ੍ਹਾਂ ਦੇ ਸਨਮੁਖ ਹੋਏ ਤਾਂ ਇਸ ਅਲੌਕਿਕ ਘਟਨਾ ਦਾ ਬੜਾ ਢੁਕਵਾਂ ਹੈਡਿੰਗ ਰੱਖਿਆ ਗਿਆ ਹੈ "ਸੂਰਜ ਦੇ ਸਨਮੁੱਖ"। ਭਾਈ ਲਹਿਣਾ ਜੀ ਦੀਆਂ ਕਾਰੀ ਵਿਹਾਰੀਂ ਪ੍ਰੀਖਿਆਵਾਂ ਵੀ ਹੋਈਆਂ। ਹਰ ਪ੍ਰੀਖਿਆ ਵਿਚ ਆਪ ਖਰੇ ਉਤਰੇ। ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਸੰਸਾਰੀ ਮੋਹ ਭਰਮ ਤੋੜਨ ਦਾ ਵੱਲ ਦਸਿਆ। ਫੇਰ ਇਕ ਦਿਨ ਗੁਰੂ ਅੰਗਦ ਬਣ ਉਨ੍ਹਾਂ ਦੇ ਪ੍ਰਕਾਸ਼ਵਾਨ ਹਿਰਦੇ ਵਿਚੋਂ ਗੁਰੂ ਨਾਨਕ ਦੇਵ ਜੀ ਪ੍ਰਤੀ ਇਹ ਸ਼ਬਦ ਸਹਿਜ ਸੁਭਾਅ ਨਿਕਲਿਆ

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥*
*ਏਤੇ ਚਾਨਣੁ ਹੋਦਿਆਂ ਗੁਰ ਬਿਨ ਘੋਰ ਅੰਧਾਰ॥*

ਪੁਸਤਕ ਵਿਚ ਗੁਰੂ ਅੰਗਦ ਦੇਵ ਬਣਨ ਤੋਂ ਪਹਿਲਾਂ ਭਾਈ ਲਹਿਣਾ ਜੀ ਦੇ ਜੀਵਨ ਬਾਰੇ ਭਰਪੂਰ ਜਾਣਕਾਰੀ ਉਪਲਭਧ ਕਰਵਾਈ ਗਈ ਹੈ। ਚਾਰੇ ਉਦਾਸੀਆਂ ਸਮਾਪਤ ਕਰਨ ਉਪਰੰਤ ਜਦੋਂ ਵੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਆ ਕੇ ਟਿਕੇ ਤਾਂ ਇਸ ਥਾਂ 'ਤੇ ਭਾਈ ਲਹਿਣਾ ਜੀ ਦਾ ਗੁਰੂ ਜੀ ਦੀ ਸ਼ਰਨ ਵਿਚ ਆਉਣ ਦਾ ਪ੍ਰਸੰਗ ਇਸ ਪੁਤਸਕ ਵਿਚ ਬਾਖੂਬੀ ਨਿਭਾਇਆ ਗਿਆ ਹੈ। ਭਾਈ ਲਹਿਣਾ ਜੀ ਜ਼ਿੰਦਗੀ ਦੇ ਵਰਤ ਵਿਹਾਰਾਂ ਅਤੇ ਦਿਸਦੇ ਸੰਸਾਰ ਦੇ ਵਸਤ ਵਿਸਥਾਰ ਨੂੰ ਗੁਰੂ ਦੀ ਮਤ ਦੇ ਪ੍ਰਕਾਸ਼ ਅਧੀਨ ਹੀ ਵੇਖਦੇ ਪਰਖਦੇ ਸਨ। ਬਹੁਤ ਔਖੀਆਂ ਘੜੀਆਂ ਵਿਚ ਵੀ ਭਾਈ ਲਹਿਣਾ ਜੀ ਨੇ ਗੁਰੂ ਜੀ ਦਾ ਸਾਥ ਨਿਭਾਇਆ। ਉਹ ਇਕ ਤਰ੍ਹਾਂ ਨਾਲ ਗੁਰੂ ਨਾਨਕ ਦੇਵ ਜੀ ਵਿਚ ਅਭੇਦ ਹੀ ਹੋ ਗਏ ਸਨ। ਸੰਸਾਰ ਦੇ ਬਾਕੀ ਧਰਮਾਂ ਵਿਚ ਗੁਰੂ ਗੁਰੂ ਹੀ ਰਿਹਾ ਹੈ ਤੇ ਸੇਵਕ ਸੇਵਕ ਹੀ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣਾ ਅਨਿੰਨ ਸੇਵਕ ਭਾਈ ਲਹਿਣਾ ਜੀ ਨੂੰ ਆਪਣੇ ਥਾਂ ਜਿਉਂਦੇ ਜੀਅ ਗੁਰ ਗੱਦੀ ਸੌਂਪ ਕੇ ਮੋਹ ਮਾਇਆ ਦੀ ਨਿਰਲੇਪਤਾ ਦਾ ਪਾਠ ਪੜ੍ਹਾਇਆ। ਸਿੱਖ ਧਰਮ ਵਿਚ ਸੇਵਾ ਭਾਵਨਾ ਦਾ ਮਹੱਤਵ ਗੁਰੂ ਦੀਆਂ ਨਜ਼ਰਾਂ ਵਿਚ ਜੀਉਂ ਦਾ ਤਿਉਂ ਹੈ।

ਡਾ. ਹਰਨੇਕ ਸਿੰਘ ਕਲੇਰ ਨੇ ਇਸ ਪੁਸਤਕ ਦੀ ਤਿਆਰੀ ਵਿਚ ਖਾਸ ਦਿਲਚਸਪੀ ਦਿਖਾਈ ਹੈ। ਭਾਵੇਂ ਕਿਤੇ ਕਿਤੇ ਇਤਿਹਾਸਕ ਵੇਰਵਿਆਂ ਦਾ ਦੁਹਰਾਅ ਵੀ ਹੈ ਤੇ ਪੁਸਤਕ ਦੇ ਅੰਤ ਤੇ ਗੁਰਬਾਣੀ ਦੀਆਂ ਤੁਕਾਂ ਦਾ ਪੁਸਤਕ ਵਿਚਲੀਆਂ ਤੁਕਾਂ ਨਾਲ ਪਾਠ ਭੇਦ ਵੀ ਹੈ ਪਰ ਆਪਣੇ ਇਰਾਦੇ ਨੂੰ ਸਪਸ਼ਟ ਕਰਨ ਲਈ ਉਸਨੇ ਸਾਰੀਆਂ ਸਾਖੀਆਂ ਦੇ ਨਾਲ ਭਾਈ ਸੰਤੋਖ ਸਿੰਘ, ਭਾਈ ਗੁਰਦਾਸ ਅਤੇ ਭੱਟਾਂ ਦੇ ਸਵੱਯਾਂ ਦੀ ਯਥਾਯੋਗ ਵਰਤੋਂ ਕੀਤੀ ਹੈ। ਗੁਰੂ ਅੰਗਦ ਦੇਵ ਜੀ ਨੇ ਗੁਰੂ ਹੁਕਮਾਂ ਅਨੁਸਾਰ ਕਰਤਾਰਪੁਰ ਤੋਂ ਖਡੂਰ ਜਾ ਕੇ ਗੁਰੂ ਨਾਨਕ ਮਿਸ਼ਨ ਦੇ ਪ੍ਰਚਾਰ ਹਿੱਤ ਕੀਰਤਨ ਕਲਾ ਸਿਖਾਉਣ, ਜਨਮਸਾਖੀ ਪਰੰਪਰਾ ਸ਼ੁਰੂ ਕਰਨ, ਗੁਰਬਾਣੀ ਸਕੂਲ ਖੋਲ੍ਹਣ, ਮੱਲ ਅਖਾੜੇ ਦੀ ਸਥਾਪਣਾ, ਲੋਹ ਲੰਗਰ (ਜਿਸ ਵਿਚ ਮਾਤਾ ਖੀਵੀ ਜੀ ਨੇ ਆਪ ਸੇਵਾ ਕੀਤੀ) ਆਦਿ ਨਵੇਂ ਕਾਰਜ ਅਰੰਭੇ। ਸਾਰਾ ਕੁਝ ਜੋ ਵੀ ਹੋ ਰਿਹਾ ਸੀ ਉਹ ਕੇਵਲ ਤੇ ਕੇਵਲ ਮਨੁੱਖ ਮਾਤਰ ਦੀ ਅਜ਼ਾਦੀ ਤੇ ਉਸਦੇ ਕਲਿਆਣ ਹਿੱਤ ਹੀ ਸੀ।

ਪੁਸਤਕ *"ਬੈਠਿ ਖਡੂਰੇ ਜੋਤਿ ਜਗਾਈ"* ਵਿਚ ਦਰਜ ਗੁਰੂ ਅੰਗਦ ਦੇਵ ਜੀ ਦੀ ਬਾਣੀ ਮਨੁੱਖਾਂ ਦੇ ਹਿਰਦਿਆਂ ਦੇ ਹਨੇਰੇ ਅੰਦਰ ਥਾਂ ਥਾਂ ਤੇ ਦੀਵੇ ਜਗਾਉਂਦੀ ਪ੍ਰਤੀਤ ਹੁੰਦੀ ਹੈ। ਸਿਰੇ ਦਾ ਸੱਚ ਜੋ ਕਿ ਉਸ ਸਮੇਂ ਮਨੁੱਖ ਮਾਤਰ ਦੇ ਮੂਹੋਂ ਘਟ ਹੀ ਨਿਕਲਦਾ ਸੀ ਦੇ ਝੰਡੇ ਗੁਰੂ ਜੀ ਨੇ ਬੇਖੌਫ ਹੋ ਕੇ ਬੁਲੰਦ ਕੀਤੇ। ਗੁਰੂ ਦੇ ਦੁਲਾਰੇ ਤੇ ਪ੍ਰਮੇਸ਼ਰ ਦੇ ਪਿਆਰੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੀ ਸੇਵਾ ਕਰਕੇ ਸਾਰੇ ਸੰਸਾਰ ਦੀ ਸੇਵਾ ਦਾ ਮੇਵਾ ਦਾ ਵਰ ਲਿਆ। ਗੁਰੂ ਪ੍ਰਤੀ ਹੱਦ ਦਰਜੇ ਦਾ ਪ੍ਰੇਮ ਤੇ ਸਤਿਕਾਰ

ਉਨ੍ਹਾਂ ਦੀ ਬਾਣੀ ਵਿਚੋਂ ਉਮੜ ਉਮੜ ਪੈਂਦਾ ਹੈ। ਪ੍ਰੇਮ ਤੇ ਸਤਿਕਾਰ ਦੇ ਲੈਣ ਦੇਣ ਨੇ ਹੀ ਉਨ੍ਹਾਂ ਦੇ ਸਿਰ ਤੇ ਛਤ੍ਰ ਝੁਲਾ ਦਿੱਤਾ। ਸਾਡੇ ਪਿੰਡਾਂ ਵਿਚ ਚਿਮਟਿਆਂ ਵਾਲੇ ਸਾਧ ਤੜਕਸਾਰ ਗਲੀਆਂ ਵਿਚ ਗਾਉਂਦੇ ਫਿਰਿਆ ਕਰਦੇ ਸਨ

*ਸਿਰ ਧਰ ਕੇ ਤਲੀ ਦੇ ਉਤੇ ਆ ਜਾ*
*ਲੰਘਣਾ ਜੇ ਪ੍ਰੇਮ ਦੀ ਗਲੀ॥*

ਜਿਹੜੇ ਸਿਰ ਪ੍ਰੇਮ ਦੀ ਖਾਤਰ ਤਲੀਆਂ ਤੇ ਧਰੇ ਗਏ ਉਹ ਅਮਰ ਹੋ ਗਏ। ਇਸੇ ਲੜੀ ਵਿਚ ਬਾਬਾ ਦੀਪ ਸਿੰਘ ਜੀ ਨੇ ਗੁਰੂ ਰਾਮਦਾਸ ਜੀ ਦੇ ਦਰਬਾਰ ਨਾਲ ਪ੍ਰੇਮ ਪਾਲਿਆ। ਸੀਸ ਤਲੀ 'ਤੇ ਧਰ ਕੇ ਅਮਰ ਸ਼ਹੀਦ ਬਣੇ। ਇਕ ਨਹੀਂ, ਕੋਈ ਵੀ ਕਰਕੇ ਵੇਖ ਲਵੇ। ਪਰ ਦੁਨੀਆਦਾਰੀ ਦੇ ਚਿਕਨੇ ਚੋਪੜੇ ਪਦਾਰਥਾਂ ਦੀ ਗਰਦਸ਼ ਵਿਚੋਂ ਲੰਘਣਾ ਪਉ। ਇਹੋ ਇਸ ਪੁਸਤਕ ਦਾ ਸੰਦੇਸ਼ ਹੈ।

ਡਾ. ਹਰਨੇਕ ਸਿੰਘ ਕਲੇਰ ਇਕ ਸੰਵੇਦਨਸ਼ੀਲ ਲੇਖਕ ਤੇ ਚਿੰਤਕ ਹੈ। ਉਸਨੇ ਇਕ ਦਰਜਨ ਦੇ ਕਰੀਬ ਪੁਸਤਕਾਂ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਿਚ ਪਾਈਆਂ ਹਨ। ਇਨ੍ਹਾਂ ਵਿਚ ਅੱਧ ਤੋਂ ਵਧ ਪੁਸਤਕਾਂ ਭਗਤ ਰਵਿਦਾਸ ਜੀ ਦੇ ਜੀਵਨ ਤੇ ਬਾਣੀ ਦੇ ਵਿਚਾਰ ਪ੍ਰਵਾਹ ਹਿਤ ਦਿੱਤੀਆਂ ਗਈਆਂ ਹਨ। ਕੁਦਰਤ ਅਤੇ ਗੁਰੂ ਜਨਾਂ ਸਬੰਧੀ ਵਿਖਿਆਨ ਵਾਲੀ ਪੁਸਤਕ ***ਬੈਠਿ ਖਡੂਰੇ ਜੋਤਿ ਜਗਾਈ***। ਕੁਦਰਤੀ ਤੌਰ ਤੇ ਅਜਿਹੇ ਸਮੇਂ ਵਿਚ ਲਿਖੀ ਗਈ ਜਿਥੇ ਸਿੱਖ ਪੰਥ ਦੀਆਂ ਤਿੰਨ ਸ਼ਤਾਬਦੀਆਂ ਦਾ ਸੰਗਮ ਹੋ ਰਿਹਾ ਹੈ। ਉਸੇ ਹਿਸਾਬ ਨਾਲ ਡਾ. ਕਲੇਰ ਨੇ ਵੀ ਇਸ ਪੁਸਤਕ ਵਿਚ ਪਹਿਲੇ ਤਿੰਨ ਗੁਰੂ ਸਾਹਿਬਾਨ ਦਾ ਇਕ ਦੂਜੇ ਨਾਲ ਸੰਗਮ ਹੁੰਦੇ ਦਿਖਾਇਆ। ਸਾਰੀ ਪੁਸਤਕ ਨੂੰ ਮੈਂ ਡੂੰਘੀ ਤਰ੍ਹਾਂ ਘੋਖ ਨਹੀਂ ਸਕਿਆ ਕਿਉਂਕਿ ਮੇਰਾ ਮਨ ਤਾਂ ਅਜੇ ਵੀ ਉਥੇ ਹੀ ਜੁੜਿਆ ਹੋਇਆ ਹੈ ਜਿਥੇ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਨਾਲ ਖੇਤਾਂ ਵਿਚ ਕੰਮ ਕਰਵਾਉਂਦੇ ਸਨ ਤੇ ਸ਼ਾਮ ਨੂੰ ਸ਼ਬਦ ਚੌਕੀ ਵਿਚ ਕੀਰਤਨ, ਕਥਾ ਵਿਚਾਰ ਤੇ ਬਾਣੀ ਦਾ ਪ੍ਰਵਾਹ ਚਲਦਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਸ਼ਾਂਤ ਚਿੱਤ ਨਿਮਰ ਤੇ ਸਹਿਜਮੁਖੀ ਹਨ। ਇਥੇ ਤਾਂ ਕੋਈ ਪਾਖੰਡ ਵੀ ਨਹੀਂ। ਨਾ ਮੰਦਰ ਨਾ ਮੂਰਤੀ, ਸੰਗਤਾਂ ਗੁਰੂ ਨਾਨਕ ਦੇਵ ਜੀ ਪਾਸੋਂ ਸ਼ੰਕਿਆਂ ਦੀ ਨਵਿਰਤੀ ਹਿਤ ਪ੍ਰਸ਼ਨ ਪੁੱਛ ਰਹੀਆਂ ਹਨ।

ਲੇਖਕ ਨੇ ਅਸਲ ਵਿਚ ਹੀ ***ਬੈਠਿ ਖਡੂਰੇ ਜੋਤਿ ਜਗਾਈ*** ਰਾਹੀਂ ਜਗਿਆਸੂਆਂ ਦੇ ਹਿਰਦਿਆਂ ਵਿਚ ਗੁਰੂਆਂ ਦੀਆਂ ਕਰਨੀਆਂ ਪ੍ਰਤੀ ਪ੍ਰੇਮ ਦੀ ਜੋਤਿ ਜਗਾ ਦਿੱਤੀ ਹੈ, ਇਹ ਕਾਰਜ ਮੈਨੂੰ ਉਨ੍ਹਾਂ ਪ੍ਰਸੰਗਾਂ ਨਾਲੋਂ ਉਸ ਸਮੇਂ ਵਿਛੜੀ ਕਿਸੇ ਰੂਹ ਦਾ ਕਾਰਜ ਹੀ ਜਾਪਦਾ ਹੈ। ਇਸ ਨਿਵੇਕਲੇ ਕਾਰਜ ਲਈ ਲੇਖਕ ਵਧਾਈ ਦਾ ਪਾਤਰ ਹੈ। ਪੁਸਤਕ 1659 ਫੇਜ 10 ਲੇਖਕ ਜਾਂ 'ਅੰਮ੍ਰਿਤ ਕੀਰਤਨ' ਦੇ ਦਫਤਰ ਤੋਂ ਮੰਗਵਾਓ।

---

*ਪਿੰਡ ਬਾਸੀਆਂ ਬੈਦਵਾਣ, ਡਾਕ. ਮੱਛਲੀ ਕਲਾਂ,*
*ਜਿਲ੍ਹਾ ਫਤਹਿਗੜ੍ਹ ਸਾਹਿਬ*

# ਸੈਮੀਨਾਰ ਗੁਰਮਤਿ ਸੰਗੀਤ

ਸੈਮੀਨਾਰ-ਗੁਰਮਤਿ ਸੰਗੀਤ - ਵਿਰਸਾ ਤੇ ਵਰਤਮਾਨ ਵਿਚ ਕੁੰਜੀਵਤ ਭਾਸ਼ਣ ਦਿੰਦਿਆਂ ਸਿੰਘ ਬੰਧੂ ਸ. ਸੁਰਿੰਦਰ ਸਿੰਘ ਨੇ ਕਿਹਾ ਕਿ ਗੁਰਮਤਿ ਸੰਗੀਤ ਰਾਗਾਤਮਿਕ ਪਰੰਪਰਾ ਹੈ, ਇਸ ਦੀ ਇਹੋ ਪਹਿਚਾਣ ਕਾਇਮ ਹੋਣੀ ਚਾਹੀਦੀ ਹੈ। ਗੁਰੂ ਸਾਹਿਬਾਨ ਦੀ ਇਹ ਸਮੁੱਚੀ ਮਾਨਵਤਾ ਨੂੰ ਬਹੁਤ ਵੱਡੀ ਦੇਣ ਹੈ। ਸੈਮੀਨਾਰ ਵਿਚ ਗੁਰਮਤਿ ਸੰਗੀਤ ਵਿਚ ਤੰਤੀ ਸਾਜ਼ਾਂ ਦੀ ਵਰਤਮਾਨ ਪ੍ਰਸੰਗਿਕਤਾ ਵਿਸ਼ੇ ਉਤੇ ਬੋਲਦਿਆਂ ਡਾ. ਗੁਰਨਾਮ ਸਿੰਘ , ਪ੍ਰੋ: ਤੇ ਮੁਖੀ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕਿਹਾ ਕਿ ਤੰਤੀ ਸਾਜ਼ ਗੁਰਮਤਿ ਸੰਗੀਤ ਦਾ ਅਨਿੱਖੜ ਅੰਗ ਹਨ।

ਗੁਰੂ ਸਾਹਿਬਾਨ ਨੇ ਸ਼ਬਦ ਤੇ ਸੰਗੀਤ ਦੇ ਸੁਮੇਲ ਦੁਆਰਾ ਗੁਰਮਤਿ ਸੰਗੀਤ ਦੀ ਸਿਰਜਨਾ ਕੀਤੀ ਹੈ। ਇਸ ਲਈ, ਇਸਦੇ ਮੌਲਿਕ ਸਰੂਪ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਰਾਗਾਤਮਿਕ ਅਧਾਰ ਨੂੰ ਕਾਇਮ ਰੱਖਿਆ ਜਾਵੇ ਇਸ ਨਾਲ ਰਾਗਾਤਮਿਕ ਪਰੰਪਰਾ ਵੀ ਕਾਇਮ ਰਹੇਗੀ ਅਤੇ ਤੰਤੀ ਸਾਜ਼ਾਂ ਦੀ ਪਰੰਪਰਾ ਵੀ ਪੁਨਰ ਸੁਰਜੀਤ ਹੋਵੇਗੀ। ਨਵੀਂ ਪੀੜ੍ਹੀ ਲਈ ਤੰਤੀ ਸਾਜ਼ ਵਿਵਸਾਇਕ ਤੌਰ ਤੇ ਵੀ ਸਹਾਈ ਹੋ ਸਕਦੇ ਹਨ। ਸੈਮੀਨਾਰ ਵਿਚ ਬੋਲਦਿਆਂ, ਪ੍ਰਿੰ: ਮਹਿੰਦਰ ਕੌਰ ਗਿੱਲ ਨੇ ਗੁਰਮਤਿ ਸੰਗੀਤ ਨੂੰ ਸ਼ਬਦ ਅਤੇ ਸੰਗੀਤ ਦਾ ਅਦੁੱਤੀ ਸੁਮੇਲ ਬਿਆਨ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤਕ ਅਧਾਰ ਅਤੇ ਇਸ ਵਿਚਲੇ ਸੰਗੀਤ ਸੰਕੇਤਾਂ ਦੀ ਖੋਜ ਤੇ ਬਲ ਦਿੱਤਾ। ਉਨ੍ਹਾਂ ਕਿਹਾ ਕਿ ਘਰ ਅਤੇ ਹੋਰ ਸੰਕੇਤਾਂ ਉਤੇ ਖੋਜ ਦੀ ਜ਼ਰੂਰਤ ਹੈ।

ਪ੍ਰੋ: ਕੁਲਵੰਤ ਸਿੰਘ ਗਰੇਵਾਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਜਾਬੀ ਯੂਨੀਵਰਸਿਟੀ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਇਸਨੂੰ ਇਤਿਹਾਸਕ ਕਦਮ ਬਿਆਨ ਕੀਤਾ ਅਤੇ ਕਿਹਾ ਕਿ ਸੌਂਦਰਯ ਦੇ ਪੱਧਰ ਉਤੇ ਗੁਰਮਤਿ ਦੀ ਜੋ ਪੁਨਰ ਸੁਰਜੀਤੀ ਹੋ ਰਹੀ ਹੈ ਉਹ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਸਾਲਯੋਗ ਹੈ।

ਡਾ. ਸੁਭਾਗਯਾਵਰਧਨ ਬ੍ਰਹਸਪਤੀ ਨੇ ਕਿਹਾ ਕਿ ਕਿਸੇ ਵੀ ਪਰੰਪਰਾ ਨੂੰ ਪੁਨਰ ਸੁਰਜੀਤ ਕਰਨ ਲਈ ਉਸਨੂੰ ਵਿਗਿਆਨਕ ਅਧਾਰਾਂ ਦੀ ਨਿਸ਼ਾਨਦੇਹੀ ਕਰ ਲੈਣੀ ਚਾਹੀਦੀ ਹੈ। ਗੁਰਮਤਿ ਸੰਗੀਤ ਸਮੁੱਚੇ ਵਿਸ਼ਵ ਦੀ ਅਨੂਠੀ ਤੇ ਮੌਲਿਕ ਪਰੰਪਰਾ ਹੈ। ਜਿਸਦੇ ਹੋਰ ਪ੍ਰਚਾਰ ਤੇ ਪ੍ਰਸਾਰ ਦੀ ਲੋੜ ਹੈ। ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ਨੇ ਤੰਤੀ ਸਾਜ਼ਾਂ ਦੀ ਸਹੀ ਸਿਖਲਾਈ ਤੇ ਸਾਧਨਾਂ ਤੇ ਬਲ ਦਿੱਤਾ।

ਡਾ. ਅੰਮ੍ਰਿਤਪਾਲ ਕੌਰ ਨੇ ਸ਼ਬਦ ਦੇ ਸੰਗੀਤ ਵਿਧਾਨ ਨੂੰ ਸਭਿਆਚਾਰਕ ਪਰਿਪੇਖ ਵਿਚ ਵਿਸ਼ਲੇਸ਼ਿਤ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਤੇ ਸੰਗੀਤਕ ਪੱਖ ਨੂੰ ਉਜਾਗਰ ਕੀਤਾ। ਡਾ. ਬਰਿੰਦਰ ਕੌਰ ਨੇ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਵਿਧਾਨ ਦੀ ਪ੍ਰਸਤੁਤੀ ਨੂੰ ਆਪਣੇ ਖੋਜ ਪੱਤਰ ਦਾ ਵਿਸ਼ਾ ਬਣਾਇਆ।

ਡਾ. ਦਰਸ਼ਨ ਸਿੰਘ ਨਰੂਲਾ ਨੇ ਗੁਰਮਤਿ ਸੰਗੀਤ ਦੇ ਇਤਿਹਾਸਕ ਪਰਿਪੇਖ, ਐਡਵੋਕੇਟ ਮਲਕੀਤ ਸਿੰਘ ਜੰਡਿਆਲਾ ਨੇ 'ਗੁਰਮਤਿ ਸੰਗੀਤ: ਵਰਤਮਾਨ ਪਰਿਪੇਖ', ਡਾ. ਜਗਜੀਤ ਕੌਰ ਨੇ 'ਗੁਰਮਤਿ ਸੰਗੀਤ ਦੇ ਵਿਕਾਸ ਵਿਚ ਗੁਰੂ ਅਰਜਨ ਦੇਵ ਜੀ ਦਾ ਯੋਗਦਾਨ' ਵਿਸ਼ੇ ਉਤੇ ਖੋਜ ਪੱਤਰ ਪ੍ਰਸਤੁਤ ਕੀਤੇ।

ਡਾ. ਜਸਬੀਰ ਸਿੰਘ ਸਾਬਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਸੈਮੀਨਾਰ ਦੇ ਵਿਸ਼ੇ ਦੀ ਸਾਰਥਕਤਾ ਦਰਸਾਉਂਦਿਆਂ ਕਿਹਾ ਕਿ ਗੁਰਮਤਿ ਸੰਗੀਤ ਸਦੀਆਂ ਪੁਰਾਣੀ ਵਿਰਾਸਤ ਹੈ। ਇਸਦੇ ਅਧਾਰ ਗ੍ਰੰਥ ਦੇ ਸੰਗੀਤ ਵਿਗਿਆਨ ਦੀ ਪਰੰਪਰਾ ਤੇ ਮਰਿਯਾਦਾ ਦੇ ਅਧਾਰ ਤੇ ਸਾਧਨਾ ਤੇ ਪਾਲਣਾ ਜ਼ਰੂਰੀ ਹੈ।

# Life is a Single Opportunity

## Tirlok Singh Suri

We must remember that life to live is a single opportunity. We cannot rewind life and live it again. Time that has passed has gone forever and cannot be recalled for us to live it again. Therefore, we must think and decide our priorities for our whole life and try to live life that way rather than thinking of it in slots i.e. money, career, children etc. It is seen that most people think about career and career only till they retire and hardly about other major aspects of life.

As we say in golf if anything goes wrong with the game 'come back to the basics.' So in life. When in life you lose your path or sense of direction come back and think where you have gone wrong.

### Basic Priority

When a child is 5-6 years old his brain is fully developed like when you buy a new hardware of a computer. We must start teaching the right path and moral values of life to children right from the age 5 year or even earlier. A child at the age is receptive to the input which you wish to impart and will not resist learning. But when the child becomes a young man of 16-17 years and has strayed from the path which you think may lead him to not so good a life, at that time of his life when you try to guide him to the better path, he may not listen because he may be very busy with his school/college and other extra curricular activities or some other activity. He then cannot spare enough time and patience for us so that we can explain him the rights and wrongs of life. Mostly what children learn from parents, teachers, friends and relatives is how to achieve greater heights in their professions and very little if at all about how to live a full and happy life because mostly a man learns from people who themselves are in the same rat race as we have been so why blame him? That means he may only learn much later in life when his own children in their own pursuits desert him put then naturally it will be too late. But this is what is happening around us. Therefore, lucky are those children or grandchildren is the age group of 3-13 year because there is still opportunity for them to learn. Be firm and loving with the children at the same time and explain them values that will stand them in good stead in their lives. They should be explained about God, Sikh way of life, good values and even how to bring up children and grand children. More than financial support what they need is your love and guidance. This does not mean that they only want parents as friends actually they really need parents as parents who can guide them and when they go wrong even scold them. If your children are better Gursikhs and better human beings than you and if they make your life happy and satisfying then you have done your job well. Our basic duty is to make our children better then us then only we feel happy.

### Basic Principle of how life should be lived

There is a difference between human beings and other animals. God has given animals only small computer chips. They instinctively eat, deliver their young ones and take care of them upto such time only till they are able to fend for themselves. But God has given human beings a full fledged brain. No computer, however big can match a human brain. As such there is a lot of difference between human beings and animals. Man always needs love and care specially when he grows old. The second important phase is the age between 45-90 years in a man's life. At the beginning of this phase, your children are young men and women already in their chosen fields and way of life. How they interact with you makes this phase of your

life a burden or a blessing as this is the time when you need your family or rather your extended family the most. To ensure that this phase of your life is a blessing. You need to take steps when your children are still very your. They need to be told and shown by your own example how they must interact with their elders and that their rights and duties are. When the children are your, they take full advantage of their rights but invariably forget their duties when the time comes. Here, your contribution to their life and growing up would ensure that they do not forget their duties towards you and this will automatically contribute to the well being of the society. This can only happen if you when you are in Your prime give more importance to teaching your children what is right and wrong, even if it interferes with your pursuit of a fantastic career. Money and status cannot ensure happiness. Whereas if you invest in bringing up your children will, it ensures that your life and your children's life is full of happiness and a complete sense of achievement results from a life well lived.

## Times change Values Don't

To achieve the above desired result i.e. a full and happy life first of all we must keep this target in front of us all the time. When we step on a road, we always see where the road leads us to. This means that if from Chandigarh our destination is Amritsar we won't take the road to Delhi, which is in the opposite direction.

We need to preserve the old values, which were good and not discard them simply in the name of modernity. At hindsight we see that family life was much better during our parents time and partly in our age too, but today divorces are common. Children do learn after a couple of year of divorce but then to what cost-valuable time of their life is already lost and so many complications crop up which they rue for the rest of their life.

We have seen the 'hippy' culture during our life. These hippies were considered to be a happy go lucky lot. The airports, railway stations, hotels, beaches etc. were all infested with hippies but now we hardly come across them. The reason being that permissiveness is against the norms of a good moral society, a lot of them may have fallen prey to 'Aids' and the more intelligent among the may have realized the value of a family life and gone back to their families. Therefore, one must go back to the better things in life, may be it be old style or modern. We must accept what is good regardless of the time or period because the norms of society are made in thousands of years and you cannot wish them away at your will. Norms keep staying we may not. In our parent's time, children used to treat their parents with love and devotion. Religion was practiced and explained to the children. A lot of time was spared for the children. Time spent for the moral upliftment of the children was considered more worthwhile than money spent and given to them. But now times and values seem to have changed and the result is catastrophic. Many children have lost their sense of direction. Money and its power have ruined family life. Permissiveness and divorces have dented the faith and trust between the members of the family. A few years of easy life and then repenting as a result, wastes life in more years than one can fathom. But if you licky and have your family still intact then this phase of your life which is a long span in ones life can be most enjoyable with your children and grandchildren. Nothing can be more enjoyable than your grandchildren and in return, the grandchildren learn to live a decent, happy and a full life. Religion and religious studies playa very important part in creating a happy life. We are lucky that we are born in Gursikh families. Try to understand the teachings of Guru Granth Sahib Ji, where Guru Nanak Dev Ji has shown us the path of a complete life in much detail. Every line in Guru Granth Sahib needs a lifetime to learn and live. It is a complete Braham Gyan. Take full advantage of it right from the younger age so that you don't repent at the 11th hour. This is the time to learn so that you enjoy the real pleasure of life for many many years. Please don't waste even a day. Do it now.

*93, Sector 8/A, Chandigarh*

# ਸੁਰ ਲਿਪੀ

ਭਾਈ ਕਸ਼ਮੀਰ ਸਿੰਘ

*ਰਾਗ* ਜੈਤਸਰੀ

**ਥਾਟ:** ਪੂਰਵੀ, ਆਰੋਹ ਵਿਚ ਰੇ ਤੇ ਪ ਵਰਜਿਤ।

**ਜਾਤੀ**-ਔੜਵ ਸੰਪੂਰਨ ਵਾਦੀ 'ਗ' ਸੰਵਾਦੀ 'ਨੀ'। "ਮੇ ਗ ਮੇ, ਗ" ਸੁਰ ਸੰਗਤੀ ਇਸ ਰਾਗ ਵਿਚ ਰਸਦਾਇਕ ਹੈ। **ਸਮਾਂ:** ਸੰਧਿਆ ਕਾਲ।

**ਆਰੋਹ:** ਸ ਗ ਮੇ ਪ ਨੀ ਸਂ। **ਅਵਰੋਹ:** ਸਂ ਨੀ ਧੁ ਪ ਮੇ ਗ ਰੁੇ ਸ।

**ਪਕੜ** : ਨ਼ੀ ਸ ਗ ਪ, ਮੇ ਧੁ ਪ, ਸ ਗ ਧੁ ਪ, ਮੇ ਗ, ਮੇ ਗ, ਰੁੇ ਸ।

**ਤੀਨ ਤਾਲ- ਮੱਧ ਲੈਅ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| x | | | | 2 | | | | 0 | | | | 3 | | | |
| **ਸਥਾਈ** | | | | | | | | | | | | | | | |
| | | | | | | | | | | | ਸ | - | ਗ | - | ਮੰ |
| | | | | | | | | | | | ਲੋ | ऽ | ਝੀ | ऽ | ਦ |
| ਪ | - | - | - | ਪਧੁ | ਮੰਪ | ਮੰ | ਗ | ਮੰ | ਗ | ਰੁੇ | ਸ | ਸ | ਨ਼ੀ | - | ਸ |
| ਝਾ | ऽ | ऽ | ऽ | ਸਾऽ | ऽऽ | ਜ | ਨੁ | ਮੇ | ऽ | ਗਾ | ਘ | ਰਿ | ਘ | ऽ | ਰਿ |
| ਗ | - | ਗ | ਗ | ਮੇ | ਗ | ਧੁ | ਮੇ | ਗ | ਰੁੇ | ਸ | ਪ | ਧੁ | ਪ | ਪ | ਸਂ |
| ਮੰ | ऽ | ਗ | ਲ | ਗਾ | ऽ | ਵਹੁ | ऽ | ਨੀ | ऽ | ਕੇ | ਘ | ਟਿ | ਘ | ऽ | ਟਿ |
| ਨੀ | ਧੁ | ਪ | ਪ | ਗਮੰ | ਪਨੀ | ਧੁਪ | ਮੇਗ | ਪਮੰ | ਗਰੁੇ | ਸ- | | | | | |
| ਤਿ | ਸ | ਹਿ | ਬ | ਸੇऽ | ऽऽ | ऽऽ | ऽऽ | ਰਾਨ | ऽऽ | ऽऽ | | | | | |
| **ਅੰਤਰਾ** | | | | | | | | | | | | | | | |
| | | | | | | | | | | | ਪ | ਧੁ | ਪ | - | ਨੀ |
| | | | | | | | | | | | ਸੁ | ऽ | ਖਿ | ऽ | ਅ |
| ਸਂ | - | ਸਂਸਂ | ਸਂ | ਰੁੇਂ | ਸਂ | - | ਗਂ | ਰੁੇਂ | - | ਸਂਸਂ | ਨੀ | ਰੁੇਂ | ਨੀ | - | ਧੁ |
| ਰਾ | ऽ | ਧਨੁ | ਦੂ | ऽ | ਖਿ | ऽ | ਅ | ਰਾ | ऽ | ਧਨੁ | ਬਿ | ਸ | ਰੈ | ऽ | ਨ |
| ਪ | - | ਪ | - | ਗਮ | ਪਨੀ | ਧੁਪ | ਮਪ | ਪਮ | ਗਰੁੇਂ | ਸ- | | | | | |
| ਕਾ | ऽ | ਤੂ | ऽ | ਬੇऽ | ऽऽ | ऽऽ | ऽऽ | ਰਾਝ | ऽऽ | ऽऽ | | | | | |

*1612, ਫੇਜ਼ 7, ਮੋਹਾਲੀ*

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ਜੈਤਸਰੀ ਮਹਲਾ ੫ ॥ | Jaitsri 5th Guru | ਜੈਤਸਰੀ ਪੰਜਵੀਂ ਪਾਤਿਸ਼ਾਹੀ ॥ |
| ਲੋੜੀਦੜਾ ਸਾਜਨੁ ਮੇਰਾ ॥ | Desirable is my Friend. | ਲੋੜਵੰਦਾ ਹੈ ਮੇਰਾ ਮਿੱਤਰ। |
| ਘਰਿ ਘਰਿ ਮੰਗਲ ਗਾਵਹੁ ਨੀਕੇ ਘਟਿ ਘਟਿ ਤਿਸਹਿ ਬਸੇਰਾ ॥ ਰਹਾਓ ॥ | In every house, sing the sublime songs of rejoicing, for He abides in every heart. Pause. | ਹਰ ਗ੍ਰਿਹ ਵਿਚ ਸ੍ਰੇਸ਼ਟ ਖੁਸ਼ੀ ਦੇ ਗੀਤ ਗਾਇਨ ਕਰੋ ਕਿਉਂਕਿ ਉਹ ਹਰ ਦਿਲ ਵਿਚ ਵਸਦਾ ਹੈ। ਠਹਿਰਾਉ। |
| ਸੂਖਿ ਅਰਾਧਨੁ ਦੂਖਿ ਅਰਾਧਨੁ ਬਿਸਰੈ ਨ ਕਾਹੂ ਬੇਰਾ ॥ | Remember Him in weal remember Him in woe and forget Him not at any time. | ਉਸਨੂੰ ਖੁਸ਼ੀ ਵਿਚ ਚੇਤੇ ਕਰੋ, ਉਸਨੂੰ ਗਮੀ ਵਿਚ ਚੇਤੇ ਕਰੋ ਅਤੇ ਕਿਸੇ ਵੇਲੇ ਭੀ ਉਸਨੂੰ ਨਾ ਭੁਲਾਓ। |
| ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥ | Contemplating the Name, there is the light of millions of suns and the darkness of superstition vanishes. | ਨਾਮ ਦਾ ਸਿਮਰਨ ਕਰਨ ਦੁਆਰਾ, ਕਰੋੜਾਂ ਹੀ ਸੂਰਜਾਂ ਦਾ ਚਾਨਣ ਹੋ ਜਾਂਦਾ ਹੈ ਅਤੇ ਸੰਦੇਹ ਦਾ ਅਨ੍ਹੇਰਾ ਨਾਸ ਥੀ ਵੰਞਦਾ ਹੈ। |
| ਥਾਨਿ ਥਨੰਤਰਿ ਸਭਨੀ ਜਾਈ ਜੋ ਦੀਸੈ ਸੋ ਤੇਰਾ ॥ | Thou, O Lord art in all the places, cleavages and spaces. Whatever appears, that is thine. | ਤੂੰ, ਹੇ ਸੁਆਮੀ ਸਾਰੀਆਂ ਥਾਵਾਂ, ਵਿਥਾਂ ਅਤੇ ਅਸਥਾਨਾਂ ਵਿਚ ਹੈਂ। ਜੋ ਕੁਝ ਦਿਸ ਆਉਂਦਾ ਹੈ, ਉਹ ਤੈਂਡਾ ਹੀ ਹੈ। |
| ਸੰਤ ਸੰਗਿ ਪਾਵੈ ਜੋ ਨਾਨਕ ਤਿਸੁ ਬਹੁਰਿ ਨ ਹੋਈ ਹੈ ਫੇਰਾ ॥੨॥੩॥੪ ॥ | Nanak he who obtains the saints society goes not, again into the round of transmigration. | ਨਾਨਕ, ਜਿਹੜਾ ਸਤਿ ਸੰਗਤ ਅੰਦਰ ਜੁੜਦਾ ਹੈ ਉਹ ਮੁੜ ਕੇ ਆਵਾ ਗਾਉਣ ਦੇ ਗੇੜੇ ਵਿਚ ਨਹੀਂ ਪੈਂਦਾ। |